Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 257 | Friday, December 31, 2021 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

# ਸਾਬਕਾ ਅਕਾਲੀ ਵਿਧਾਇਕਾ ਦੇ ਪੁੱਤਰ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਉੱਤੇ ਸ਼ਰਾਬ ਵੰਡਣ ਦੇ ਦੋਸ਼ ਲਾਏ

*** ਬੀਬੀ ਜੋਸ਼ ਅਕਾਲੀ ਦਲ ਤੋਂ ਬਾਗੀ ਹੋ ਕੇ ਆਜ਼ਾਦ ਚੋਣ ਲੜੇਗੀ**

ਹੁਸ਼ਿਆਰਪੁਰ, 30 ਦਸੰਬਰ, (ਪੋਸਟ ਬਿਊਰੋ)- ਇਸ ਜ਼ਿਲੇ ਵਿਚਲੇ ਹਲਕਾ ਸ਼ਾਮਚੁਰਾਸੀ ਤੋਂ ਅਕਾਲੀ ਦਲ ਦੀ ਸਾਬਕਾ ਵਿਧਾਇਕਾ ਤੇ ਆਉਂਦੀਆਂ ਵਿਧਾਨ ਸਭਾ ਚੋਣਾਂ ਮੌਕੇ ਆਜ਼ਾਦ ਚੋਣ ਲੜਨ ਦਾ ਐਲਾਨ ਕਰਨ ਵਾਲੀ ਬੀਬੀ ਮਹਿੰਦਰ ਕੌਰ ਜੋਸ਼ ਦੇ ਪੁੱਤਰ ਕਰਮਜੀਤ ਸਿੰਘ ਬਬਲੂ ਜੋਸ਼ ਨੇ ਇੱਕ ਵਿਵਾਦਮਈ ਬਿਆਨ ਦਾਗਿਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਉੱਤੇ ਸ਼ਰਾਬ ਵੰਡਣ ਦਾ ਦੋਸ਼ ਲਾਇਆ ਹੈ।

ਅੱਜ ਵੀਰਵਾਰ ਹੁਸ਼ਿਆਰਪੁਰ ਦੇ ਪਿੰਡ ਆਲੋਵਾਲ ਦੇ ਇੱਕ ਪੈਲੇਸ ਵਿੱਚ ਸਾਬਕਾ ਵਿਧਾਇਕ ਬੀਬੀ ਮਹਿੰਦਰ ਕੌਰ ਜੋਸ਼ ਵਾਸਤੇ ਹੋਈ ਰੈਲੀ ਵਿੱਚ ਬੋਲ ਰਹੇ ਬਬਲੂ ਜੋਸ਼ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਧਾਰਮਿਕ ਅਹੁਦੇ ਉੱਤੇ ਹੁੰਦੇ ਹੋਏ ਰਾਜਸੀ ਪਾਰਟੀ ਦਾ ਪ੍ਰਚਾਰ ਕਰਦਾ ਅਤੇ ਪਿੰਡਾਂ ਵਿੱਚ ਸ਼ਰਾਬ ਵੰਡਦਾ ਹੋਵੇ ਤਾਂ ਸ਼ਰਮ ਵਾਲੀ ਗੱਲ ਹੈ। ਇਸ ਬਾਰੇ ਪੁੱਛੇ ਜਾਣ ਉੱਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੌ ਫੀਸਦੀ ਗਲ਼ਤ ਦੋਸ਼ ਅਸਲ ਵਿੱਚ ਜੋਸ਼ ਪਰਵਾਰ ਦੀ ਬੁਖਲਾਹਟ ਦੀ ਨਿਸ਼ਾਨੀ ਹੈ, ਕਿਉਂਕਿ ਬੀਬੀ ਜੋਸ਼ ਨੂੰ ਪਾਰਟੀ ਤੋਂ ਕੱਢ ਦਿੱਤਾ ਹੈ ਤੇ ਸੱਤਾ ਦੇ ਫਰਸ਼ ਤੋਂ ਅਰਸ਼ ਉੱਤੇ ਆਉਣ ਵਾਲਾ ਇਹੋ ਆਖਦਾ ਹੁੰਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਉਹ ਤਿੰਨ ਵਾਰ ਸ਼੍ਰੋਮਣੀ ਕਮੇਟੀ ਮੈਂਬਰ ਬਣੇ ਹਨ, ਪਰ ਕਦੇ ਏਦਾਂ ਦੇ ਹੱਥਕੰਡੇ ਨਹੀਂ ਵਰਤੇ, ਜਿਸ ਦੀ ਉਹ ਸਹੁੰ ਖਾਣ ਨੂੰ ਤਿਆਰ ਹਨ। ਵਰਨਣ ਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਕਰੀਬ ਦੋ ਦਹਾਕਿਆਂ ਤੋਂ ਸ਼ਾਮਚੁਰਾਸੀ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਚੁਣੇ ਆ ਰਹੇ ਹਨ ਤੇ ਬੀਬੀ ਮਹਿੰਦਰ ਕੌਰ ਜੋਸ਼ ਵੀ ਇਸੇ ਹਲਕੇ ਤੋਂ ਤਿੰਨ ਵਾਰ ਅਕਾਲੀ ਟਿਕਟ ਉੱਤੇ ਲੜ ਕੇ ਵਿਧਾਇਕਾ ਰਹਿ ਚੁੱਕੇ ਹਨ ਅਤੇ ਦੋਵਾਂ ਧਿਰਾਂ ਦੇ ਸੰਬੰਧ ਪਿਛਲੇ ਲੰਬੇ ਸਮੇਂ ਤੋਂ ਖਰਾਬ ਹਨ।

ਭਾਜਪਾ ਆਗੂਆਂ ਵੱਲੋਂ ਦੋਸ਼

# ਖੁਰਾਕ ਤੇ ਸਿਵਲ ਸਪਲਾਈ ਮੰਤਰੀ ਦੀ ਅਗਵਾਈ ਹੇਠ 2000 ਕਰੋੜ ਰੁਪਏ ਦਾ ਘਪਲਾ



ਲੁਧਿਆਣਾ, 30 ਦਸੰਬਰ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਸਰਪ੍ਰਸਤੀ ਹੇਠ ਪੰਜਾਬ ਦੇ ਸਰਕਾਰੀ ਅਦਾਰੇ ਪਨਗ੍ਰੇਨ ਵਿਭਾਗ ਵਿੱਚ 2000 ਕਰੋੜ ਰੁਪਏ ਦਾ ਘਪਲਾ ਹੋਣ ਦਾ ਗੰਭੀਰ ਦੋਸ਼ ਲਾ ਕੇ ਸਨਸਨੀ ਪੈਦਾ ਕਰ ਦਿੱਤੀ ਹੈ।

ਅੱਜ ਏਥੇ ਸਰਕਟ ਹਾਊਸ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਲੁਧਿਆਣਾ ਭਾਜਪਾ ਦੇ ਪ੍ਰਧਾਨ ਪੁਸ਼ਪਿੰਦਰ ਸਿੰਗਲ ਅਤੇ ਪੰਜਾਬ ਭਾਜਪਾ ਕਾਰਜਕਾਰਨੀ ਦੇ ਮੈਂਬਰ ਐਡਵੋਕੇਟ ਬਿਕਰਮ ਸਿੰਘ ਸਿੱਧੂ ਨੇ ਅਨਾਜ ਮੰਡੀਆਂ ਨਾਲ ਜੁੜੇ ਹੋਏ ਮਾਫੀਆ ਤੋਂ ਪੀੜਤ ਮਜ਼ਦੂਰਾਂ, ਛੋਟੇ ਠੇਕੇਦਾਰਾਂ ਅਤੇ ਛੋਟੇ ਟਰੱਕ ਮਾਲਕਾਂ ਦੀ ਹਾਜ਼ਰੀ ਵਿੱਚ ਕਿਹਾ ਕਿ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਸਰਪ੍ਰਸਤੀ ਹੇਠ ਪਨਗ੍ਰੇਨ ਵਿਭਾਗ ਨੇ ਮੰਡੀਆਂ ਵਿੱਚ ਰੁਜ਼ਗਾਰ ਦੇਣ ਦੀ ਥਾਂ ਗਰੀਬ ਲੋਕਾਂ ਨੂੰ ਬੇਰੁਜ਼ਗਾਰ ਕੀਤਾ ਹੈ, ਜਦਕਿ ਕੇਂਦਰ ਸਰਕਾਰ ਨੇ ਇੱਕ ਪੱਤਰ ਨਾਲ ਲੇਬਰ ਮੈਨੇਜਮੈਂਟ ਕਮੇਟੀ (ਡਬਲਯੂ ਐੱਮ ਸੀ) ਤੇ ਲੇਬਰ ਕਮੇਟੀਆਂ ਨੂੰ ਰੁਜ਼ਗਾਰ ਦੇਣ ਨੂੰ ਕਿਹਾ ਸੀ। ਇਸ ਦੇ ਬਾਵਜੂਦ ਗਰੀਬਾਂ ਨੂੰ ਰੁਜ਼ਗਾਰ ਦੀ ਥਾਂ ਵਿਭਾਗ ਨੇ ਪੰਜਾਬ ਵਿੱਚ ਅਨਾਜ ਮੰਡੀਆਂ ਦੇ ਵੱਡੇ ਕਲੱਸਟਰ ਬਣਾ ਕੇ ਮੰਤਰੀ ਦੇ ਚਹੇਤੇ ਠੇਕੇਦਾਰਾਂ ਨੂੰ ਲੇਬਰ, ਕਾਰਟੇਜ ਤੇ ਟਰਾਂਸਪੋਰਟੇਸ਼ਨ ਦੇ ਟੈਂਡਰ ਵੱਧ ਰੇਟ ਉੱਪਰ ਦੇ ਦਿੱਤੇ ਤੇ ਘੱਟ ਰੇਟਾਂ ਦੇ ਟੈਂਡਰ ਰੱਦ ਕਰ ਕੇ ਕੇਂਦਰ ਸਰਕਾਰ ਦਾ ਪੈਸਾ ਲੁੱਟਾਇਆ ਹੈ।

ਪੀੜਤ ਠੇਕੇਦਾਰ ਗੁਰਪ੍ਰੀਤ ਸਿੰਘ ਨੇ ਮੰਤਰੀ ਭਾਰਤ ਭੂਸ਼ਣ ਆਸ਼ੂ ਤੇ ਉਸ ਦੇ ਚਹੇਤੇ ਠੇਕੇਦਾਰਾਂ, ਅਫਸਰਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਸਬੰਧ ਵਿੱਚ ਅਰਬਾਂ ਰੁਪਏ ਦੇ ਘਪਲੇ ਦੀ ਕੈਗ (ਕੰਪਟਰੋਲਰ ਐਂਡ ਆਡੀਟਰ ਜਨਰਲ ਆਫ ਇੰਡੀਆ), ਸੀ ਬੀ ਆਈ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਦੂਸਰੇ ਪਾਸੇ ਖੁਰਾਕ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਭਾਜਪਾ ਵੱਲੋਂ ਲਾਏ ਗਏ 2000 ਕਰੋੜ ਰੁਪਏ ਦੇ ਘਪਲੇ ਦੇ ਦੋਸ਼ਾਂ ਨੂੰ ਮਨਘੜਤ ਤੇ ਸਿਆਸਤ ਤੋਂ ਪ੍ਰੇਰਿਤ ਕਰਾਰ ਦੇ ਕੇ ਕਿਹਾ ਕਿ ਲੇਬਰ ਅਤੇ ਟਰਾਂਸਪੋਰਟ ਨੂੰ ਲਾਉਣ ਦੀ ਪ੍ਰਕਿਰਿਆ ਵਿੱਚ ਉਹੀ ਕੀਤਾ ਗਿਆ, ਜੋ ਕੇਂਦਰ ਸਰਕਾਰ ਨੇ ਕਿਹਾ ਹੈ, ਜੇ ਕੋਈ ਘਪਲਾ ਹੁੰਦਾ ਤਾਂ ਕੇਂਦਰ ਸਰਕਾਰ ਫੜ ਲੈਂਦੀ। ਉਨ੍ਹਾਂ ਕਿਹਾ ਕਿ ਟ੍ਰਾਂਸਪੋਰਟ, ਜਿਣਸ ਤੇ ਸਟੋਰੇਜ ਦੇ ਕੰਮ ਕੇਂਦਰ ਸਰਕਾਰ ਵੱਲੋਂ ਪ੍ਰਮਾਣਿਤ ਹਨ ਅਤੇ ਐੱਫ ਸੀ ਆਈ (ਫੂਡ ਕਾਰਪੋਰੇਸ਼ਨ ਆਫ ਇੰਡੀਆ) ਦੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ।

# ਮਹਾਤਮਾ ਗਾਂਧੀ ਵਿਰੁੱਧ ਬੇਹੂਦਾ ਟਿਪਣੀ ਕਰਨ ਵਾਲਾ ਸੰਤ ਕਾਲੀਚਰਨ ਗ੍ਰਿਫਤਾਰ



*** ਗ੍ਰਿਫਤਾਰੀ ਉੱਤੇ ਮੱਧ ਪ੍ਰਦੇਸ਼ ਦੇ ਗ੍ਰਹਿ ਮੰਤਰੀ ਵੱਲੋਂ ਇਤਰਾਜ਼ ਪ੍ਰਗਟ**

ਰਾਏਪੁਰ, 30 ਦਸੰਬਰ, (ਪੋਸਟ ਬਿਊਰੋ)- ਮਹਾਤਮਾ ਗਾਂਧੀ ਵਿਰੁੱਧ ਅਸ਼ਲੀਲ ਟਿੱਪਣੀ ਕਰਨ ਵਾਲੇ ਸੰਤ ਕਾਲੀਚਰਨ ਨੂੰ ਅੱਜ ਗ੍ਰਿਫਤਾਰ ਕਰ ਲਿਆ ਗਿਆ ਹੈ। ਪਹਿਲਾਂ ਉਹ ਫਰਾਰ ਦੱਸਿਆ ਜਾ ਰਿਹਾ ਸੀ।

ਮਿਲੀ ਜਾਣਕਾਰੀ ਅਨੁਸਾਰ ਸੰਤ ਕਾਲੀਚਰਨ ਨੂੰ ਛੱਤੀਸਗੜ੍ਹ ਰਾਜ ਦੀ ਰਾਏਪੁਰ ਪੁਲਿਸ ਨੇ ਗੁਫਾਵਾਂ ਲਈ ਪ੍ਰਸਿੱਧ ਸ਼ਹਿਰ ਖਜੂਰਾਹੋ ਤੋਂ ਗ੍ਰਿਫਤਾਰ ਕੀਤਾ ਹੈ। ਕਾਲੀਚਰਨ ਦੇ ਖਿਲਾਫ ਰਾਏ-ਪੁਰ ਦੇ ਦੋ ਥਾਣਿਆਂ ਵਿੱਚ ਕੇਸ ਦਰਜ ਹਨ ਅਤੇ ਪੁਲਿਸ ਉਸ ਦੀ ਭਾਲ ਕਰ ਰਹੀ ਸੀ। ਅੱਜ ਏਥੇ ਰਾਏਪੁਰ ਦੇ ਏਐਸਪੀ ਅਭਿਸ਼ੇਕ ਮਹੇਸ਼ਵਰੀ ਨੇ ਦੱਸਿਆ ਕਿ ਰਾਏਪੁਰ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਸੰਤ ਕਾਲੀਚਰਨ ਖਜੂਰਾਹੋ ਦੇ ਇੱਕ ਹੋਟਲ ਵਿੱਚ ਹੈ ਤੇ ਉਸ ਨੇ ਆਪਣੇ ਸਾਰੇ ਮੋਬਾਈਲ ਬੰਦ ਕਰ ਦਿੱਤੇ ਸਨ। ਦੇਰ ਰਾਤ ਪੁਲਿਸ ਨੇ ਹੋਟਲ ਪਹੁੰਚ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਦੇ ਬਾਅਦ ਕਾਲੀਚਰਨ ਨੂੰ ਛੱਤੀਸਗੜ੍ਹ ਵਿੱਚ ਲਿਆ ਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਦੋ ਦਿਨਾਂ ਦਾ ਰਿਮਾਂਡ ਦਿੱਤਾ ਹੈ।

ਮਹਾਤਮਾ ਗਾਂਧੀ ਉੱਤੇ ਅਸ਼ਲੀਲ ਟਿੱਪਣੀ ਦੇ ਦੋਸ਼ ਵਿੱਚ ਰਾਏਪੁਰ ਸਣੇ ਦੇਸ਼ ਦੇ ਕਈ ਹਿੱਸਿਆਂ ਵਿੱਚ ਕਾਲੀਚਰਨ ਦੇ ਖਿਲਾਫ ਕੇਸ ਦਰਜ ਕੀਤੇ ਗਏ ਸਨ ਤੇ ਇਹ ਖ਼ਬਰ ਸੀ ਕਿ ਕਾਲੀਚਰਨ ਰਾਏਪੁਰ ਤੋਂ ਭੱਜ ਕੇ ਮੱਧ ਪ੍ਰਦੇਸ਼ ਵੱਲ ਚਲਾ ਗਿਆ ਹੈ। ਇਸ ਦੇ ਬਾਅਦ ਰਾਏਪੁਰ ਪੁਲਿਸ ਨੇ ਮਹਾਰਾ-ਸ਼ਟਰ ਅਤੇ ਮੱਧ ਪ੍ਰਦੇਸ਼ ਵਿੱਚ ਉਸ ਦੀ ਤਲਾਸ਼ ਸ਼ੁਰੂ ਕੀਤੀ ਤਾਂ ਉਸ ਨੂੰ ਖਜੂਰਾਹੋ ਤੋਂ ਗ੍ਰਿਫਤਾਰ ਕਰ ਲਿਆ ਗਿਆ।

# ਬਿਕਰਮ ਮਜੀਠੀਆ ਦੀ ਅਗਾਊਂ ਜ਼ਮਾਨਤ ਉੱਤੇ ਸੁਣਵਾਈ 5 ਜਨਵਰੀ ਨੂੰ ਹੋਵੇਗੀ

ਚੰਡੀਗੜ੍ਹ, 30 ਦਸੰਬਰ, (ਪੋਸਟ ਬਿਊਰੋ)- ਅਕਾਲੀ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਅਗਾਊਂ ਜ਼ਮਾਨਤ ਦੀ ਅਰਜ਼ੀ ਉੱਤੇ ਸੁਣਵਾਈ ਅੱਜ ਹੋਣੀ ਸੀ, ਪਰ ਹੋ ਨਹੀਂ ਸਕੀ ਅਤੇ 5 ਜਨਵਰੀ ਲਈ ਮੁਲਤਵੀ ਕਰ ਦਿੱਤੀ ਗਈ ਹੈ।

ਇਸ ਕੇਸ ਬਾਰੇ ਬਿਕਰਮ ਸਿੰਘ ਮਜੀਠੀਆ ਦੇ ਵਕੀਲ ਦਮਨਬੀਰ ਸਿੰਘ ਸੋਬਤੀ ਨੇ ਦੱਸਿਆ ਕਿ ਸਾਡੇ ਸੀਨੀਅਰ ਵਕੀਲ ਮੁਕੁਲ ਰੋਹਤਗੀ ਦਿੱਲੀ ਤੋਂ ਨਹੀਂ ਆ ਸਕੇ, ਇਸ ਲਈ ਅਸੀਂ ਅਦਾਲਤ ਤੋਂ ਖੁਦ ਸਮਾਂ ਮੰਗਿਆ ਸੀ ਅਤੇ ਕੇਸ ਦੀ ਅਗਲੀ ਸੁਣਵਾਈ 5 ਜਨਵਰੀ ਨੂੰ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਵੀ ਸੁਪਰੀਮ ਕੋਰਟ ਦਾ ਵਕੀਲ ਲਿਆ ਕੇ ਪੇਸ਼ ਕਰਨ ਲਈ ਸਮਾਂ ਮੰਗਿਆ ਸੀ, ਇਸ ਲਈ ਦੋਵਾਂ ਧਿਰਾਂ ਦੀ ਮੰਗ ਉੱਤੇ ਸੁਣਵਾਈ ਮੁਲਤਵੀ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਸੈਸ਼ਨ ਕੋਰਟ ਵਿੱਚ ਜ਼ਮਾਨਤ ਦੀ ਅਰਜ਼ੀ ਰੱਦ ਹੋਣ ਪਿੱਛੋਂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਹਾਈਕੋਰਟ ਦਾ ਰੁਖ਼ ਕੀਤਾ ਤੇ ਜ਼ਮਾਨਤ ਦੀ ਮੰਗ ਕੀਤੀ ਹੈ। ਬਿਕਰਮ ਸਿੰਘ ਮਜੀਠੀਆ ਨੇ ਹਾਈਕੋਰਟ ਵਿੱਚ 331 ਪੰਨਿਆਂ ਦੀ ਅਰਜ਼ੀ ਦਾਇਰ ਕਰਕੇ ਅੰਤਰਿਮ ਜ਼ਮਾਨਤ ਦੀ ਮੰਗ ਲਈ ਕਿਹਾ ਹੈ ਕਿ ਪੰਜਾਬ ਸਰਕਾਰ ਉਨ੍ਹਾਂ ਦੇ ਵਿਰੁੱਧ ਇਹ ਸਭ ਸਾਜਿਸ਼ ਹੇਠ ਕਰ ਰਹੀ ਹੈ। ਅਰਜ਼ੀ ਵਿੱਚ ਇਹ ਵੀ ਕਿਹਾ ਗਿਆ ਕਿ ਪੰਜਾਬ ਪੁਲਸ ਦੇ ਮੁਖੀ (ਡੀਜੀਪੀ) ਸਿਧਾਰਥ ਚਟੋਪਾਧਿਆਏ ਦੀ ਅਕਾਲੀ ਦਲ ਨਾਲ ਪੁਰਾਣੀ ਨਾਰਾਜ਼ਗੀ ਕਾਰਨ ਉਨ੍ਹਾਂ ਨੇ ਸਾਜਿਸ਼ ਰਚੀ ਹੈ।

Best Insurance Rates
Life * Auto * Home * Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations: Woodbridge, Mississauga, Scarborough
YES! Immigration — Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ICCRC Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020
ਇੰਮੀਗਰੇਸ਼ਨ ਸੇਵਾਵਾਂ 10-20% Discount

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance · Mortgage Insurance · Life Insurance · Visitor Insurance · Travel Insurance · RESP(Education Plan) · Critical Illness Insurance

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
Dir: 647-928-4990
www.ufsinsurance.com
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma — Open Saturday
Providing excellent quality legal services to our clients

Canada Consumer Credit Assistance — ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021


GIG WORKERS UNITED
cupw sttp
CANADIAN UNION OF POSTAL WORKERS
WE DESERVE
BETTER PAY
& WORKERS'
RIGHTS
JOIN GIG WORKERS UNITED!
GigWorkersUnited.ca
Text: JOIN to 647-499-2259
join@gigworkersunited.ca
@GigWorkersUnited
@GigWorkersUnite
SCAN ME

## ਅੱਜ ਨਾਮਾ

ਚੜ੍ਹਿਆ ਆਵੇ ਕੋਰੋਨਾ ਜਦ ਭਾਈ ਬੇਲੀ,
ਪਿਛਲੀ ਜਾਵੇ ਨਾ ਖੇਡ ਦੁਹਰਾਈ ਬੇਲੀ।
ਬਚਣਾ ਕਿੱਦਾਂ ਜੀ ਤੀਸਰੀ ਲਹਿਰ ਕੋਲੋਂ,
ਅਸੀਂ ਬਣਤ ਨਹੀਂ ਕੋਈ ਬਣਾਈ ਬੇਲੀ।
ਚਰਚਾ ਖਬਰਾਂ ਦੇ ਵਿੱਚ ਤਾਂ ਹੋਈ ਜਾਵੇ,
ਚੌਕਸੀ ਦੇਂਦੀ ਨਾ ਕਿਤੇ ਵਿਖਾਈ ਬੇਲੀ।
ਖਾ ਕੇ ਸੱਟਾਂ ਹੈ ਆਂਵਦੀ ਅਕਲ ਜਿਹੜੀ,
ਉਹ ਵੀ ਸਾਨੂੰ ਨਾ ਜਾਪਦੀ ਆਈ ਬੇਲੀ।
ਜ਼ਿੰਦਾ ਰਹਿਣ ਤੋਂ ਲੋੜਨਹੀਂ ਕੋਈਵੱਡੀ,
ਇਹੀਓ ਅਸੀਂ ਭੁਲਾਈ ਪਈ ਲੋੜ ਬੇਲੀ।
ਬੰਦਿਆ, ਕੰਮ ਤੂੰਕਰਦਿਆਂਮੁੱਕ ਜਾਣਾ,
ਫਿਰ ਵੀ ਕੰਮ ਨੂੰ ਹੋਵੇ ਨਹੀਂ ਛੋੜ ਬੇਲੀ।

**ਤੀਸ ਮਾਰ ਖਾਂ**

# ਮੁੱਖ ਮੰਤਰੀ ਚੰਨੀ ਨੇ ਖੁਦ ਡਰਾਈਵਰ ਬਣ ਕੇ ਪੈਪਸੂ ਅਤੇ ਪਨਬੱਸਾਂ ਨੂੰ ਰਵਾਨਾ ਕੀਤਾ



ਚੰਡੀਗੜ੍ਹ, 30 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੱਲ੍ਹ 400 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਦੇ ਫਲੀਟ ਵਿੱਚ ਪਹਿਲੀ ਵਾਰ ਸ਼ਾਮਲ ਕੀਤੀਆਂ ਗਈਆਂ ਕੁੱਲ 842 ਆਧੁਨਿਕ ਬੱਸਾਂ ਦੇ ਹਿੱਸੇ ਵਜੋਂ 58 ਨਵੀਆਂ ਬੱਸਾਂ ਨੂੰ ਫਲੀਟ ਵਿੱਚ ਸ਼ਾਮਲ ਕੀਤਾ ਅਤੇ ਖੁਦ ਬੱਸ ਚਲਾ ਕੇ ਇਨ੍ਹਾਂ ਨਵੀਆਂ ਬੱਸਾਂ ਦੇ ਕਾਫ਼ਲੇ ਨੂੰ ਇੱਥੇ ਆਪਣੀ ਸਰਕਾਰੀ ਰਿਹਾਇਸ਼ ਤੋਂ ਰਵਾਨਾ ਕੀਤਾ।

ਪੀ ਆਰ ਟੀ ਸੀ (ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ) ਲਈ 30 ਬੱਸਾਂ ਅਤੇ ਰੋਡਵੇਜ਼ ਦੇ ਪਨਬੱਸ ਲਈ 28 ਬੱਸਾਂ ਦੇ ਪਹਿਲੇ ਫਲੀਟ ਨੂੰ ਸ਼ਾਮਲ ਕਰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਦੇ ਲੋਕਾਂ ਅਤੇ ਖਾਸ ਕਰਕੇ ਔਰਤਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ, ਜੋ ਹੁਣ ਅੱਗੇ ਤੋਂ ਬੱਸਾਂ ਵਿੱਚ ਮੁਫ਼ਤ ਸਫ਼ਰ ਦਾ ਆਨੰਦ ਲੈ ਸਕਦੇ ਹਨ। ਉਨ੍ਹਾਂ ਨੇ ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਮੁਫ਼ਤ ਬੱਸ ਪਾਸਾਂ ਵਾਲੀ ਸਹੂਲਤ ਦਾ ਐਲਾਨ ਵੀ ਕੀਤਾ।ਆਮ ਲੋਕਾਂ ਨੂੰ ਵਧੀਆ ਸਹੂਲਤਾਂ ਦੇਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਪੇਸ਼ ਕਰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਹ ਵੀ ਕਿਹਾ ਕਿ 400 ਕਰੋੜ ਰੁਪਏ ਦੀ ਲਾਗਤ ਨਾਲ 105 ਬੱਸ ਟਰਮੀਨਲ ਬਣਾਉਣ ਅਤੇ ਨਵੀਨੀਕਰਨ ਦਾ ਕੰਮ ਕੀਤਾ ਜਾ ਰਿਹਾ ਹੈ ਅਤੇ 1406 ਨਵੇਂ ਬੱਸ ਪਰਮਿਟ ਜਾਰੀ ਕਰਨ ਤੋਂ ਇਲਾਵਾ ਸੂਬੇ ਵਿੱਚ 425 ਨਵੇਂ ਬੱਸ ਰੂਟ ਜੋੜੇ ਜਾਣਗੇ।

ਇਸ ਮੌਕੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਬੀਤੇ ਤਿੰਨ ਮਹੀਨਿਆਂ ਵਿੱਚ ਕੀਤੇ ਯਤਨਾਂ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਸ ਦੌਰਾਨ ਨਿਯਮਾਂ ਵਿਰੁੱਧ ਚੱਲ ਰਹੇ ਬੱਸ ਡਰਾਈਵਰਾਂ ਤੇ ਟੈਕਸ ਚੋਰੀ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦੇ ਨਤੀਜੇ ਵਜੋਂ ਟਰਾਂਸਪੋਰਟ ਵਿਭਾਗ ਮੁੜ ਪੈਰਾਂ ਸਿਰ ਹੋਇਆ ਹੈ। ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਦੇ ਟਰਾਂਸਪੋਰਟ ਨੂੰ ਪਿਛਲੇ ਤਿੰਨ ਮਹੀਨਿਆਂ ਦੌਰਾਨ ਵਿਭਾਗ ਦੀ ਰੋਜ਼ਾਨਾ ਆਮਦਨ ਵਿੱਚ 1.50 ਕਰੋੜ ਰੁਪਏ ਦਾ ਵਾਧਾ ਹੋਇਆ ਹੈ ਅਤੇ ਅਸੀਂ ਜਲਦੀ ਹੀ ਇਸ ਅੰਕੜੇ ਨੂੰ ਰੋਜ਼ਾਨਾ ਦੋ ਕਰੋੜ ਰੁਪਏ ਤਕ ਲੈ ਜਾਵਾਂਗੇ।

ਕੱਲ੍ਹ ਰਵਾਨਾ ਹੋਈਆਂ ਪਨਬੱਸ ਦੀਆਂ 28 ਬੱਸਾਂ ਵਿੱਚੋਂ ਮੁਕਤਸਰ ਸਾਹਿਬ ਡਿਪੂ ਨੂੰ 13, ਰੂਪਨਗਰ ਨੂੰ 12 ਅਤੇ ਪਠਾਨਕੋਟ ਨੂੰ ਤਿੰਨ ਨਵੀਆਂ ਬੱਸਾਂ ਮਿਲਣਗੀਆਂ। ਇਸੇ ਤਰ੍ਹਾਂ ਪੀ ਆਰ ਟੀ ਸੀ ਦੀਆਂ 30 ਬੱਸਾਂ ਵਿੱਚੋਂ ਬਠਿੰਡਾ ਅਤੇ ਪਟਿਆਲਾ ਡਿਪੂਆਂ ਨੂੰ 10-10 ਅਤੇ ਫਰੀਦਕੋਟ ਅਤੇ ਬਰਨਾਲਾ ਨੂੰ 5-5 ਬੱਸਾਂ ਮਿਲਣਗੀਆਂ।

# ਸੁਖਬੀਰ ਸਿੰਘ ਬਾਦਲ ਵੱਲੋਂ ਕਾਂਗਰਸ ਨੂੰ ਮੁੱਖ ਮੰਤਰੀ ਦਾ ਚਿਹਰਾ ਪੇਸ਼ ਕਰਨ ਦੀ ਚੁਣੌਤੀ



ਹੁਸ਼ਿਆਰਪੁਰ, 30 ਦਸੰਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਨੂੰ ਪਾਰਟੀ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਪੰਜਾਬ ਵਿਚ ਮੁੱਖ ਮੰਤਰੀ ਦੇ ਅਹੁਦੇ ਲਈ ਆਪਣੇ ਉਮੀਦਵਾਰ ਦਾ ਨਾਂ ਐਲਾਨ ਕਰੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਨਾ ਸਿਰਫ ਆਮ ਲੋਕਾਂ ਦਾ, ਸਗੋਂ ਪੰਜਾਬ ਵਿੱਚ ਕਾਂਗਰਸ ਦੀ ਸਿਖਰਲੀ ਲੀਡਰਸ਼ਿਪ ਦਾ ਵੀ ਵਿਸ਼ਵਾਸ ਗੁਆ ਲਿਆ ਹੈ।

ਅੱਜ ਏਥੇ ਸ਼ਾਮ ਚੁਰਾਸੀ ਹਲਕੇ ਤੋਂ ਪਾਰਟੀ ਉਮੀਦਵਾਰ ਮਹਿੰਦਰ ਸਿੰਘ ਸੰਧਰ ਤੇ ਹੁਸ਼ਿਆਰਪੁਰ ਤੋਂ ਉਮੀਦਵਾਰ ਵਰਿੰਦਰ ਸਿੰਘ ਪਰਿਹਾਰ ਦੇ ਹੱਕ ਵਿਚ ਰੈਲੀਆਂ ਨੂੰ ਸੰਬੋਧਨ ਕਰਨ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿੱਚ ਚੋਣਾਂਮੌਕੇ ਕਾਂਗਰਸ ਵਿੱਚ ਮੁੱਖ ਮੰਤਰੀ ਅਹੁਦੇ ਲਈ ਅੰਨ੍ਹੀ ਦੌੜ ਲੱਗੀ ਹੋਈ ਹੈ ਤੇ ਹਰ ਕੋਈ ਆਪਣੇ ਆਪ ਨੂੰਇਸ ਦਾ ਉਮੀਦਵਾਰ ਦੱਸਦਾ ਹੈ।ਉਨ੍ਹਾਂਕਿਹਾ ਕਿ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਦੀ ਕੁਰਸੀ ਨੂੰ ਚਿੰਬੜਿਆ ਰਹਿਣਾ ਚਾਹੁੰਦਾ ਹੈ, ਪਰ ਲੀਡਰਸ਼ਿਪ ਨਹੀਂ ਚਾਹੁੰਦੀ ਕਿ ਉਹ ਦਾਅਵੇਦਾਰ ਬਣੇ। ਕਾਂਗਰਸ ਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਆਪਣੀ ਡਫਲੀ ਵਜਾ ਰਿਹਾ ਹੈ ਤੇ ਰੋਜ਼ ਚਰਨਜੀਤ ਸਿੰਘ ਚੰਨੀ ਨੂੰ ਜ਼ਲੀਲ ਕਰਦਾ ਹੈ।ਉਨ੍ਹਾਂਕਿਹਾ ਕਿ ਲੋਕ ਕਾਂਗਰਸ ਦੇ ਉਲਟ ਹਨ, ਕਿਉਂਕਿ ਇਸ ਨੇ ਲੋਕਾਂ ਨਾਲ ਕੀਤਾ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ।

ਇਕ ਸਵਾਲ ਪੁੱਛਣ ਉੱਤੇਛੋਟੇ ਬਾਦਲ ਨੇ ਕਿਹਾ ਕਿ ਲਟਕਦੇ ਮੁੱਦੇ ਹੱਲ ਕਰਨਾ ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਹੈ, ਪੰਜਾਬ ਦੇ ਲੋਕ ਦਹਾਕਿਆਂ ਤੋਂ ਉਡੀਕ ਰਹੇ ਹਨ ਕਿ ਪ੍ਰਧਾਨ ਮੰਤਰੀ ਅਨਿਆਂ ਦੂਰ ਕਰਨਗੇ, ਇਸ ਲਈ ਅਗਲੀ ਫੇਰੀ ਮੌਕੇ ਉਨ੍ਹਾਂ ਨੂੰ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ ਦਾ ਐਲਾਨ ਕਰਨਾ ਅਤੇ ਯਕੀਨ ਦੁਆਉਣਾ ਚਾਹੀਦਾ ਹੈ ਕਿ ਰਾਈਪੇਰੀਅਨ ਸਿਧਾਂਤ ਮੁਤਾਬਕ ਪਾਣੀਆਂ ਉੱਤੇਪੰਜਾਬ ਦਾ ਹੱਕ ਹੈ। ਉਨ੍ਹਾਂ ਨੂੰ ਕਿਸਾਨੀ ਕਰਜ਼ੇ ਦੀ ਮੁਆਫੀ ਦਾ ਐਲਾਨ ਵੀ ਕਰਨਾ ਚਾਹੀਦਾ ਹੈ।ਰੈਲੀ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਹੁਸ਼ਿਆਰਪੁਰ ਤੇ ਸ਼ਾਮ ਚੁਰਾਸੀ ਹਲਕਿਆਂ ਵਿੱਚ ਰੋਡ ਸ਼ੋਅ ਦੀ ਅਗਵਾਈ ਵੀ ਕੀਤੀ, ਜਿਥੇ ਇਲਾਕੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਜ਼ਰੂਰ ਜਾਣੋ; ਗਿਆਨ ਗੰਗਾ
॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਗਿਆਨ ਗੰਗਾ
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਦਲ ਬਦਲੀ ਦਾ ਵਚਿੱਤਰ ਆਲਮ



ਪੰਜਾਬ ਵਿਧਾਨ ਸਭਾ ਚੋਣਾਂ ਦੇ ਦਿਨ ਨੇੜੇ ਆ ਰਹੇ ਹਨ। ਕਹਿੰਦੇ ਨੇ ਕਿ ਬੱਝਵੇਂ ਦਿਨ ਪਲਾਂ ਵਿੱਚ ਬੀਤ ਜਾਂਦੇ ਹਨ। ਸਿਆਸੀ ਨੇਤਾਵਾਂ ਦੇ ਦਲ ਬਦਲ ਦੀ ਸ਼ੁਰੂਆਤ ਹੋ ਚੁੱਕੀ ਹੈ। ਦਲਬਦਲੀ ਸਿਆਸਤ ਦੇ ਖੇਤਰ ਦੀ ਇੱਕ ਬੁਰਾਈ ਹੈ, ਪਰ ਇਹ ਅੱਜ ਆਮ ਵਰਤਾਰਾ ਬਣ ਚੁੱਕੀ ਹੈ। ਦਲ ਬਦਲੀ ਦੇ ਕਾਰਨ ਅਤੇ ਸਿੱਟੇ ਵੀ ਹਨ। ਹਰ ਨੇਤਾ ਸਿਆ-ਸਤ ਦਾ ਸ਼ਾਹ ਸਵਾਰ ਬਣਿਆ ਰਹਿਣਾ ਲੋੜਦਾ ਹੈ। ਸਿਆਸਤ ਇੱਕ ਧੰਦੇ ਵਜੋਂ ਵਿਕਸਤ ਹੋਈ ਹੈ, ਤਦੇ ਹੀ ਹਰ ਨੇਤਾ ਇਸ ਵਿੱਚੋਂ ਸਫਲਤਾ ਭਰਪੂਰ ਕਾਰੋਬਾਰ ਲੋਚਦਾ ਹੈ। ਦਲ ਬਦਲਣ ਪਿੱਛੇ ਨੇਤਾਵਾਂ ਦੇ ਆਪਣੇ ਤਰਕ ਹਨ। ਕਿਸੇ ਨੂੰ ਆਪਣੀ ਪਾਰਟੀ ਤੋਂ ਟਿਕਟ ਦੀ ਆਸ ਮੁੱਕਦੀ ਦਿਸਦੀ ਹੈ ਅਤੇ ਕਿਸੇ ਦਾ ਆਪਣੀ ਮਾਂ ਪਾਰਟੀ ਵਿੱਚ ਦਮ ਘੁਟਣ ਲੱਗਦਾ ਹੈ। ਕਈ ਸੱਤਾ ਹੀਣੇ ਨੇਤਾ ਸੱਤਾ ਦਾ ਸੁੱਖ ਮਾਣਨ ਲਈ ਸੱਤਾਧਾਰੀ ਧਿਰ ਵੱਲ ਛਾਲ ਮਾਰਦੇ ਹਨ। ਕਈਆਂ ਨੂੰ ਪਾਰਟੀ ਵਿੱਚ ਕਦਰ ਘਟਦੀ ਦਿਸਦੀ ਹੈ। ਕਈ ਨੇਤਾ ਇਸ ਨੂੰ ਘਰ ਵਾਪਸੀ ਆਖਦੇ ਹਨ।

ਅਸਲ ਵਿੱਚ ਦਲ ਬਦਲੀ ਤੋਂ ਪਹਿਲਾਂ ਨੇਤਾ ਜੀ ਪੂਰਾ ਹਿਸਾਬ ਕਿਤਾਬ ਜੋੜਦੇ ਹਨ। ਕਈ ਵਾਰ ਸਥਾਪਤ ਨੇਤਾਵਾਂ ਦੀ ਦਲ ਬਦਲੀ ਉੱਤੇ ਆਮ ਲੋਕ ਡਾਢੇ ਹੈਰਾਨ ਹੁੰਦੇ ਹਨ। ਕਾਦੀਆਂ ਤੋਂ ਕਾਂਗਰਸੀ ਵਿਧਾਇਕ ਫਤਿਹਜੰਗ ਸਿੰਘ ਬਾਜਵਾ ਤੇ ਹਰਗੋਬਿੰਦਪੁਰ ਤੋਂ ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਲਾਡੀ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਜਗਮੀਤ ਸਿੰਘ ਬਰਾੜ ਦਾ ਅਕਾਲੀ ਦਲ ਵਿੱਚ ਆਉਣਾ ਕਾਫੀ ਹੈਰਾਨਕੁੰਨ ਸੀ। ਪਿਛਲੇ ਹਫਤੇ ਸੁੱਚਾ ਸਿੰਘ ਛੋਟੇਪੁਰ ਅਕਾਲੀ ਦਲ ਵਿੱਚ ਸ਼ਾਮਲ ਹੋਏ ਹਨ, ਜਿਸ ਨੂੰ ਉਨ੍ਹਾਂ ਨੇ ਘਰ ਵਾਪਸੀ ਆਖਿਆ ਹੈ। ਬਠਿੰਡਾ ਦਿਹਾਤੀ ਤੋਂ ਵਿਧਾਇਕਾ ਬੀਬੀਰੁਪਿੰਦਰ ਰੂਬੀ ਦਾ ਕਾਂਗਰਸ ਵਿੱਚ ਅਚਨਚੇਤੀ ਜਾਣਾ ਹੈਰਾਨੀ ਜਨਕ ਸੀ। ਬੀਬੀ ਜੀ ਕਹਿੰਦੇ ਹਨ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਚਿਹਰੇ ਦਾ ਐਲਾਨ ਨਹੀਂ ਕਰ ਰਹੇ ਸਨ, ਇਸ ਲਈ ਮੈਂ ਪਾਰਟੀ ਛੱਡੀ ਹੈ। ਸੁਖਪਾਲ ਸਿੰਘ ਖਹਿਰਾ ਦਾ ਪਾਸਾ ਬਦਲਣਾ ਵੀ ਜ਼ਿਕਰ ਯੋਗ ਹੈ। ਉਹ ਕਾਂਗਰਸ ਤੋਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਐ ਵਿਰੋਧੀ ਧਿਰ ਦੇ ਨੇਤਾ ਬਣੇ ਸਨ, ਪਰ ਅਹੁਦਾ ਖੁੱਸਦੇ ਸਾਰ ਖਿਸਕ ਗਏ ਸਨ। ਫਿਰ ਉਨ੍ਹਾਂ ਨੇ ਪੰਜਾਬ ਏਕਤਾ ਪਾਰਟੀ ਬਣਾਈ, ਪਰ ਕੋਈ ਗੱਲ ਨਾ ਬਣੀ ਤਾਂ ਉਹ ਕਾਹਲੀ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਹਵਾਈ ਅੱਡੇ ਉੱਤੇ ਫੋਟੋਸ਼ੂਟ ਰਾਹੀਂ ਕਾਂਗਰਸ ਵਿੱਚ ਘਰ ਵਾਪਸੀ ਕਰ ਗਏ। ਇੰਝ ਉਹ ਜਾਂਦੇ-ਜਾਂਦੇ ਆਪ ਦੇ ਦੋ ਵਿਧਾਇਕਾਂ ਜਗਦੇਵ ਸਿੰਘ ਕਮਾਲੂ ਤੇ ਪਿਰਮਲ ਸਿੰਘ ਨੂੰ ਨਾਲ ਕਾਂਗਰਸ ਵਿੱਚ ਲੈ ਗਏ। ਬਦਲੇ ਹੋਏ ਹਾਲਾਤ ਅਨੁਸਾਰ ਖਹਿਰੇ ਨੂੰ ਅੱਜ ਕਾਂਗਰਸ ਤੇ ਕੈਪਟਨ ਕਾਂਗਰਸ ਦੋਵਾਂ ਵਿੱਚੋਂ ਇੱਕ ਦੀ ਚੋਣ ਕਰਨੀ ਪਵੇਗੀ। ਆਮ ਆਦਮੀ ਪਾਰਟੀ ਦੇ ਕਰੀਬ ਅੱਧੇ ਵਿਧਾਇਕਾਂ ਦਾ ਕਾਂਗਰਸ ਵੱਲ ਜਾਣਾ ਹੈਰਾਨਕੁੰਨ ਤੇ ਚਿੰਤਾਜਨਕ ਹੈ।

ਸਭ ਤੋਂ ਦਿਲਚਸਪ ਦਲ ਬਦਲੀ ਆਪ ਵਿਧਾਇਕ ਜਗਤਾਰ ਸਿੰਘ ਜੱਗਾ ਦੀ ਰਹੀ, ਜੋ ਚੱਲਦੇ ਵਿਧਾਨ ਸਭਾ ਸੈਸ਼ਨ ਦੌਰਾਨ ਸੱਤਾ ਧਿਰ ਵਾਲੇ ਪਾਸੇ ਪਾਸਾ ਬਦਲ ਗਏ। ਭਾਜਪਾ ਦੇ ਸਾਬਕਾ ਮੰਤਰੀ ਅਨਿਲ ਜੋਸ਼ੀ ਅਤੇ ਸੁਖਜੀਤ ਕੌਰ ਸੋਹੀ ਭਾਜਪਾ ਨੂੰ ਅਲਵਿਦਾ ਕਹਿ ਕੇ ਅਕਾਲੀ ਦਲ ਵਿੱਚ ਜਾ ਸ਼ਾਮਲ ਹੋਏ। ਟਿਕਟਾਂ ਦੀ ਅਗੇਤੀ ਵੰਡ ਕਾਰਨ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਵਿੱਚ ਬਗਾਵਤੀ ਸੁਰਾਂ ਉਠਣ ਦੀ ਆਸ ਮੱਠੀ ਹੈ। ਪੰਜਾਬ ਕਾਂਗਰਸ ਵੱਲੋਂ ਹਾਲੇ ਟਿਕਟ ਵੰਡ ਕਰਨੀ ਬਾਕੀ ਹੈ ਅਤੇ ਟਿਕਟਾਂ ਦੇ ਚਾਹਵਾਨਾਂ ਦੀ ਵੱਧ ਗਿਣਤੀ ਕਾਰਨ ਅੰਦਰੂਨੀ ਸਿਆਸੀ ਟੁੱਟ ਭੱਜ ਹੋਣਾ ਸੰਭਾਵਿਤ ਹੈ। ਆਮ ਆਦਮੀ ਪਾਰਟੀ ਦੀ ਟਿਕਟ ਵੰਡ ਦੀ ਸਥਿਤੀ ਵੀ ਕਾਂਗਰਸ ਵਾਂਗ ਹੈ ਤੇ ਅਜੇ ਤੱਕ ਮੁੱਖ ਮੰਤਰੀ ਦੇ ਚਿਹਰੇ ਦੀ ਤਲਾਸ਼ ਜਾਰੀ ਹੈ। ਬਲਵੰਤ ਸਿੰਘ ਰਾਮੂਵਾਲੀਆ ਦਲ ਬਦਲੀ ਦੇ ਮੁਕਾਬਲੇ ਵਿੱਚ ਸਭ ਤੋਂ ਮੋਹਰੀ ਹਨ ਤੇ ਦਲ ਬਦਲਣ ਦੀ ਲੰਬੀ ਯਾਤਰਾ ਤੋਂ ਬਾਅਦ ਉਹ ਆਪਣੀ ਲੋਕ ਭਲਾਈ ਪਾਰਟੀ ਦੀ ਮੁੜ ਸੁਰਜੀਤੀ ਬਾਰੇ ਕਹਿ ਰਹੇ ਹਨ। ਦਲ ਬਦਲੀ ਇੱਕ ਤਰ੍ਹਾਂ ਚੋਣਾਂ ਤੋਂ ਪਹਿਲਾਂ ਦੀਆਂ ਸਿਆਸੀ ਬਦਲੀਆਂ ਹਨ। ਇਹ ਜ਼ਰੂਰ ਹੈ ਕਿ ਦਲ ਬਦਲ ਰਹੇ ਨੇਤਾਵਾਂ ਦਾ ਸਿਆਸੀ ਭਵਿੱਖ ਸ਼ਾਨਦਾਰ ਬਣਨ ਦੀਆਂ ਸੰਭਾਵਨਾਵਾਂ ਮੱਧਮ ਬਣ ਜਾਂਦੀਆਂ ਹਨ। ਆਪਣੀ ਮਾਂ ਪਾਰਟੀ ਨਾਲ ਰੁੱਸ ਕੇ ਅਲਹਿਦਾ ਮੁਹਾਜ਼ ਖੜ੍ਹਾ ਕਰਨ ਵਾਲਿਆਂ ਨੂੰ ਪੰਜਾਬ ਵਾਸੀਆਂ ਨੇ ਕਦੇ ਪ੍ਰਵਾਨ ਨਹੀਂ ਕੀਤਾ। ਮਨਪ੍ਰੀਤ ਬਾਦਲ ਨੇ ਆਪਣੀ ਪੰਜਾਬ ਪੀਪਲਜ਼ ਪਾਰਟੀ (ਪੀ ਪੀ ਪੀ) ਬਣਾਈ ਸੀ, ਪਰ ਉਹ ਆਪਣੀ ਗਿੱਦੜਬਾਹਾ ਸੀਟ ਵੀ ਬਚਾ ਨਹੀਂ ਸਕੇ ਸਨ।

ਅਕਾਲੀ ਦਲ ਤੋਂ ਵੱਖ ਹੋਏ ਟਕਸਾਲੀ ਅਕਾਲੀ ਆਗੂ ਵੀ ਇੱਕ ਸਮਰੱਥ ਸਿਆਸੀ ਮੁਹਾਜ਼ ਨਹੀਂ ਬਣਾ ਸਕੇ। ਇਸ ਵਾਰ ਦੀ ਸਭ ਤੋਂ ਵੱਡੀ ਸਿਆਸੀ ਅਲਹਿਦਗੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਹੇਗੀ। ਕਾਂਗਰਸ ਨਾਲੋਂ ਤੋੜ ਵਿਛੋੜੇ ਪਿੱਛੋਂ ਉਨ੍ਹਾਂ ਆਪਣੀ ਨਵੀਂ ਪਾਰਟੀ ਪੰਜਾਬ ਲੋਕ ਕਾਂਗਰਸ ਬਣਾਈ ਹੈ, ਪਰ ਅਜੇ ਤੱਕ ਕਾਂਗਰਸ ਦਾ ਕੋਈ ਕੱਦਾਵਰ ਨੇਤਾ ਉਨ੍ਹਾਂ ਦੀ ਪਾਰਟੀ ਵਿੱਚ ਸ਼ਾਮਲ ਨਹੀਂ ਹੋਇਆ। ਉਹ ਇਹ ਆਸ ਜ਼ਰੂਰ ਕਰਦੇ ਹਨ ਕਿ ਕਾਂਗਰਸ ਦੇ ਟਿਕਟਾਂ ਤੋਂ ਰੁੱਸੇ ਨੇਤਾ ਉਨ੍ਹਾਂ ਦੀ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ। ਹਾਲੇ ਤੱਕ ਗਿੱਦੜਬਾਹਾ ਤੋਂ ਸਾਬਕਾ ਵਿਧਾਇਕ ਤੇ ਪੁਰਾਣੇ ਕਾਂਗਰਸੀ ਨੇਤਾ ਰਘੁਬੀਰ ਸਿੰਘ ਨੇ ਕੈਪਟਨ ਦਾ ਸਾਥ ਦਿੱਤਾ ਹੈ। ਸਿਆਸੀ ਸੰਬੰਧ ਜਾਂ ਨਜ਼ਦੀਕੀਆਂ ਤਿੱਤਰ-ਖੰਭੀ ਬੱਦਲਾਂ ਵਾਂਗ ਹੁੰਦੀਆਂ ਹਨ, ਜੋ ਸੂਰਜੀ ਰੋਸ਼ਨੀ ਦੀ ਕਿਰਨ ਪੈਣ ਉੱਤੇ ਛਟ ਜਾਂਦੇ ਹਨ। ਸਿਆਸੀ ਨਜ਼ਦੀਕੀਆਂ ਟਿੱਬੇ ਦੀ ਰੇਤ ਵਾਂਗ ਮੁੱਠੀ ਵਿੱਚੋਂ ਕਿਰ ਜਾਂਦੀਆਂ ਹਨ। ਸਿਆਸਤ ਵਿੱਚ ਹਮੇਸ਼ਾ ਸੁਨਹਿਰੀ ਮੌਕੇ ਦੇਖੇ ਜਾਂਦੇ ਹਨ। ਕੈਪਟਨ ਸਾਹਿਬ ਦੇ ਸਦਾ ਸੱਜੇ ਖੱਬੇ ਰਹਿਣ ਵਾਲੇ ਸਭ ਨੇਤਾ ਭੀੜ ਪੈਣ ਉੱਤੇ ਅੱਖਾਂ ਫੇਰ ਗਏ ਸਨ।

ਇਸ ਵਾਰ ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਿਸ ਦੀ ਜਿੱਤ ਜਾਂ ਹਾਰ ਹੋਵੇਗੀ, ਇਹ ਅੰਦਾਜ਼ੇ ਲਾਉਣੇ ਅਜੇ ਅਸੰਭਵ ਹਨ। ਅਕਾਲੀ ਦਲ ਇਸ ਵਾਰ ਪੁਰਾਣੇ ਅਕਾਲੀ-ਭਾਜਪਾ ਗੱਠਜੋੜ ਨਾਲੋਂ ਤੋੜ ਵਿਛੋੜਾ ਕਰ ਕੇ ਬਹੁਜਨ ਸਮਾਜ ਪਾਰਟੀ ਨਾਲ ਚੋਣ ਮੈਦਾਨ ਵਿੱਚ ਉਤਰਿਆ ਹੈ। ਪੰਜਾਬ ਭਾਜਪਾ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਸਾਹਿਬ ਵੱਲੋਂ ਬਣਾਈ ਪੰਜਾਬ ਲੋਕ ਕਾਂਗਰਸ ਦਾ ਚੋਣ ਗੱਠਜੋੜ ਹੋ ਚੁੱਕਾ ਹੈ। ਕਿਸੇ ਵੇਲੇ ਟਕਸਾਲੀ ਅਕਾਲੀ ਰਹੇ ਸੁਖਦੇਵ ਸਿੰਘ ਢੀਂਡਸਾ ਨੇ ਵੀ ਕੈਪਟਨ ਅਤੇ ਭਾਜਪ ਨਾਲ ਚੋਣ ਭਿਆਲੀ ਪਾ ਲਈ ਹੈ। ਕੈਪਟਨ ਸਾਹਿਬ ਨੇ ਚੋਣਾਂ ਵਾਲੇ ਰਾਜਾਂ ਵਿੱਚ ਭਾਜਪਾ ਵਾਸਤੇ ਚੋਣ ਪ੍ਰਚਾਰ ਕਰਨ ਦੀ ਇੱਛਾ ਪ੍ਰਗਟਾਈ ਹੈ। ਆਮ ਆਦਮੀ ਪਾਰਟੀ ਅਜੇ ਤੱਕ ਆਪਣੇ ਬਲਬੂਤੇ ਚੋਣਾਂ ਵਿੱਚ ਜਾਣ ਨੂੰ ਤਿਆਰ ਹੈ। ਚੌਥਾ ਮੁਹਾਜ਼ ਟਕਸਾਲੀ ਅਕਾਲੀ ਆਗੂਆਂ ਦੇ ਧੜੇ ਦਾ ਹੋ ਸਕਦਾ ਹੈ। ਸੰਨ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਚਹੁ ਧਿਰਾ ਮੁਕਾਬਲਾ ਹੋਣ ਦੀ ਉਮੀਦ ਹੈ, ਪਰ ਅਸਲੀਅਤ ਵਿੱਚ ਕਾਂਗਰਸ, ਅਕਾਲੀ-ਭਾਜਪਾ ਤੇ ਆਮ ਆਦਮੀ ਪਾਰਟੀ ਵਿਚਾਲੇ ਤਿਕੋਣੀ ਟੱਕਰ ਹੋਵੇਗੀ। ਟਿਕਟਾਂ ਦੀ ਵੰਡ ਤੋਂ ਉਪਜੇ ਸਿਆਸੀ ਕਲੇਸ਼ਾਂ ਕਾਰਨ ਅਗਲੇ ਸਮੇਂ ਦੌਰਾਨ ਦਲ ਬਦਲੀ ਪ੍ਰਕਿਰਿਆ ਤੇਜ਼ ਹੋ ਸਕਦੀ ਹੈ। ਅਕਾਲੀ ਦਲ ਖੇਤਰੀ ਪਾਰਟੀ ਹੋਣ ਕਾਰਨ ਅੱਜ ਤੱਕ ਇਕਾਨਵੇਂ ਤੋਂ ਵੱਧ ਟਿਕਟਾਂ ਅਲਾਟ ਕਰਨ ਦੇ ਮਾਮਲੇ ਵਿੱਚ ਮੋਹਰੀ ਹੈ। ਉਸ ਵਿੱਚੋਂ ਟਿਕਟ ਵੰਡ ਤੋਂ ਨਾਰਾਜ਼ ਨੇਤਾਵਾਂ ਦੇ ਪਾਸੇ ਬਦਲ ਲੈਣ ਦੀਆਂ ਮੱਧਮ ਜਿਹੀਆਂ ਸੰਭਾਵਨਾਵਾਂ ਹਨ। ਕਾਂਗਰਸ ਵਿੱਚ ਵਿਧਾਨ ਸਭਾ ਚੋਣਾਂ ਲਈ ਟਿਕਟ ਵੰਡ ਦਾ ਕੰਮ ਲੰਬਾ ਤੇ ਅਤੀ ਪੇਚੀਦਾ ਹੈ। ਉਨ੍ਹਾਂ ਤੇ ਆਮ ਆਦਮੀ ਪਾਰਟੀ ਦੋਵਾਂ ਸੰਗਠਨਾਂ ਵਿੱਚ ਟਿਕਟ ਨਾਰਾਜ਼ਗੀਆਂ ਕਾਰਨ ਵੱਡੇ ਪੱਧਰ ਉੱਤੇ ਦਲ ਬਦਲੀ ਦੀਆਂ ਸੰਭਾਵਨਾਵਾਂ ਹਨ। ਸਥਾਪਤ ਨੇਤਾਵਾਂ ਵਿੱਚੋਂ ਹਾਲੇ ਤੱਕ ਅਨਿਲ ਜੋਸ਼ੀ ਸਾਬਕਾ ਕੈਬਨਿਟ ਮੰਤਰੀ ਅਤੇ ਸੁਖਜੀਤ ਕੌਰ ਸ਼ਾਹੀ ਨੇ ਭਾਜਪਾ ਨੂੰ ਛੱਡ ਕੇ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ ਹੈ। ਵੱਡੀ ਸਿਆਸੀ ਦਲ ਬਦਲੀ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਕਾਂਗਰਸ ਵਿੱਚ ਜਾਣ ਵਾਲੀ ਹੈ। ਪਿੱਛੇ ਜਿਹੇ ਬ੍ਰਹਮਪੁਰਾ ਦੀ ਅਕਾਲੀ ਦਲ ਵਿੱਚ ਘਰ ਵਾਪਸੀ ਹੋਈ ਹੈ।

ਪੰਜਾਬ ਕਾਂਗਰਸ ਵਿਚਲੇ ਟਕਸਾਲੀ ਕਾਂਗਰਸੀਆਂ ਵਿੱਚ ਵੀ ਨਾਰਾਜ਼ਗੀਆਂ ਅੰਦਰਖਾਤੇ ਬਰਕਰਾਰ ਹਨ। ਸਿਆਸਤ ਵਿੱਚ ਕੁਝ ਵੀ ਪੱਕਾ ਨਹੀਂ ਹੁੰਦਾ। ਅੱਜ ਦੀ ਸਿਆਸਤ ਰੇਹੜੂਆਂ ਵਾਲੀਆਂ ਕੁਰਸੀਆਂ ਵਾਂਗ ਹੈ। ਆਉਣ ਵਾਲੇ ਦਿਨਾਂ ਅੰਦਰ ਦਲ ਬਦਲੀਆਂ ਦੀ ਰਫਤਾਰ ਹੋਰ ਤੇਜ਼ ਹੋ ਸਕਦੀ ਹੈ। ਲੋਕਾਂ ਨੇ ਪੰਜ ਸਾਲਾਂ ਮਗਰੋਂ ਨਵੀਂ ਸਰਕਾਰ ਚੁਣਨੀ ਹੈ। ਇਸ ਲਈ ਚੋਣਾਂ ਅਤਿਅੰਤ ਸੰਜੀਦਗੀ ਦਾ ਵਿਸ਼ਾ ਹਨ। ਅਸੀਂ ਪੰਜਾਬੀ ਚੋਣਾਂ ਨੂੰ ਲੋਕਤੰਤਰ ਦਾ ਮੇਲਾ ਮੰਨਦੇ ਹਾਂ। ਕਣਕ ਦੀ ਬਿਜਾਈ ਤੋਂ ਬਾਅਦ ਪਿੰਡਾਂ ਦੇ ਵਾਹੀਕਾਰਾਂ ਕੋਲ ਵਿਹਲਾ ਸਮਾਂ ਹੈ। ਠੰਢ ਤੇ ਧੁੰਦ ਦੌਰਾਨ ਦਲ ਬਦਲੀ ਕਰ ਰਹੇ ਨੇਤਾਵਾਂ ਤੇ ਪਿੰਡਾਂ ਦੀਆਂ ਸੱਥਾਂ ਵਿੱਚ ਗਰਮਾ ਗਰਮ ਬਹਿਸ ਹੋਵੇਗੀ। ਕੌਣ ਕਿਸ ਪਾਸੇ ਜਾਊ, ਇਹ ਚਰਚਾ ਦਾ ਵਿਸ਼ਾ ਬਣਨਗੇ।

*-ਗੁਰਦੀਪ ਸਿੰਘ ਢੌਲਾ*

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ ਫੁਲਕਾ

ਇੱਕ ਪਿੰਡ ਵਿੱਚ ਹੜ੍ਹ ਆਇਆ ਤਾਂ ਮੀਡੀਆ ਵਾਲੇ ਸਰਪੰਚ ਕੋਲ ਗਏ ਤੇ ਬੋਲੇ, "ਤੁਹਾਡੇ ਪਿੰਡ ਦੀ ਆਬਾਦੀ ਸਰਕਾਰੀ ਰਜਿਸਟਰ ਵਿੱਚ 500 ਹੈ, ਪਰ ਨਦੀ ਵਿੱਚੋਂ 900 ਲੋਕਾਂ ਨੂੰ ਕੱਢਿਆ ਗਿਆ ਹੈ, ਅਜਿਹਾ ਕਿਵੇਂ?"
ਸਰਪੰਚ, "ਰਜਿਸਟਰ ਦਾ ਹਿਸਾਬ ਸਹੀ ਹੈ, ਗੱਲ ਇਹ ਹੈ ਕਿ ਪਿੰਡ ਵਾਲਿਆਂ ਨੇ ਕਦੇ ਹੈਲੀਕਾਪਟਰ ਨਹੀਂ ਦੇਖਿਆ, ਫੌਜੀ ਇਨ੍ਹਾਂ ਨੂੰ ਕਿਨਾਰੇ ਉੱਤੇ ਲੈ ਕੇ ਆਉਂਦੇ ਹਨ ਤੇ ਇਹ ਹੈਲੀਕਾਪਟਰ ਵਿੱਚ ਚੜ੍ਹਨ ਲਈ ਫਿਰ ਪਾਣੀ ਵਿੱਚ ਛਾਲ ਮਾਰ ਦਿੰਦੇ ਹਨ।"
********
ਮੰਗਤਾ, "ਸਾਬ੍ਹ, 20 ਰੁਪਏ ਦਿਓ ਨਾ, ਕੌਫ਼ੀ ਪੀਣੀ ਹੈ।"
ਆਦਮੀ, "...ਪਰ ਕੌਫ਼ੀ ਤਾਂ 10 ਰੁਪਏ ਦੀ ਆਉਂਦੀ ਹੈ।"
ਭਿਖਾਰੀ, "ਮੇਰੀ ਗਰਲ ਫਰੈਂਡ ਵੀ ਨਾਲ ਹੈ ਨਾ।"
ਆਦਮੀ, "ਓਏ! ਮੰਗਤਾ ਹੋ ਕੇ ਤੂੰ ਗਰਲ ਫਰੈਂਡ ਵੀ ਬਣਾਈ ਹੈ।"
ਭਿਖਾਰੀ, "ਨਹੀਂ ਜੀ, ਗਰਲ ਫਰੈਂਡ ਨੇ ਮੈਨੂੰ ਭਿਖਾਰੀ ਬਣਾ ਦਿੱਤਾ ਹੈ।"
******
ਪੱਪੂ, "ਯਾਰ! ਉਹ ਲੜਕੀ ਮੈਨੂੰ ਬੋਲ਼ੀ ਲੱਗਦੀ ਹੈ?"
ਚੰਪੂ, "ਕਿਉਂ ਕੀ ਗੱਲ?"
ਪੱਪੂ, "ਯਾਰ! ਕੱਲ੍ਹ ਮੈਂ ਉਸ ਨੂੰ 'ਆਈ ਲਵ ਯੂ' ਕਿਹਾ ਤੇ ਅੱਗੋਂ ਕਹਿੰਦੀ 'ਕੱਲ੍ਹ ਨਵੀਂ ਸੈਂਡਲ ਖਰੀਦੇ ਹਨ'।"

# 2022 ਜੇ ਖ਼ੁਸ਼ੀ ਨਹੀਂ ਤਾਂ ਸਾਡੇ ਦਰਦ ਦੀ ਕੁਝ ਰਾਹਤ ਜ਼ਰੂਰ ਲਿਆਵੇ

ਕਿਸੇ ਨੇ ਇਹ ਨੋਟ ਕੀਤਾ ਹੈ ਕਿ ਬੀਤੇ ਦੋ ਸਾਲ ਇੱਕ ਜਿਹੇ ਨਜ਼ਰ ਆਏ। ਅਸੀਂ 2020 ਦੀ ਸ਼ੁਰੂਆਤ ਮਹਾਮਾਰੀ ਨਾਲ ਕੀਤੀ ਤੇ 2021 ਦੀ ਸਮਾਪਤੀ ਇਸੇ ਨਾਲ ਕਰ ਰਹੇ ਹਾਂ। ਸਿਰਫ਼ ਇੱਕ ਬਰਾਬਰੀ ਨਹੀਂ ਹੈ। ਅੰਦਰੂਨੀ ਉਥਲ-ਪੁਥਲ, ਸਰਹੱਦ ਉੱਤੇ ਟੈਨਸ਼ਨ ਤੇ ਇੱਕ ਅਜਿਹੀ ਅਰਥਵਿਵਸਥਾ ਜੋ 2017 ਤੋਂ ਲੰਗੜਾਉਂਦੀ ਹੋਈ ਚੱਲ ਰਹੀ ਹੈ, ਇਹ ਸਭ ਘੱਟੋ-ਘੱਟ ਸਥਾਈ ਤੌਰ ਉੱਤੇ ਸਾਡੇ ਨਾਲ ਨਜ਼ਰ ਆਵੇਗੀ। ਅਸੀਂ 2022 ਤੋਂ ਕੀ ਉਮੀਦ ਕਰ ਸਕਦੇ ਹਾਂ।

ਸ਼ਾਇਦ ਸਾਨੂੰ ਓਥੋਂ ਸ਼ੁਰੂ ਕਰਨਾ ਚਾਹੀਦਾ ਹੈ ਜੋ ਸਮੇਂ ਨਾਲ ਟਿਕ ਗਿਆ ਹੈ ਉਹ ਹੈ ਕਸ਼ਮੀਰ। ਅਸੀਂ ਕਸ਼ਮੀਰੀਆਂ ਨੂੰ ਦਿੱਤੀਆਂ ਸੰਵਿਧਾਨਕ ਗਾਰੰਟੀਆਂ ਵਾਪਸ ਲੈ ਲਈਆਂ, ਪਰ ਉਨ੍ਹਾਂ ਨੂੰ ਉਸ ਤੋਂ ਵਧੀਆਂ ਕੁਝ ਵੀ ਦੇਣ ਤੋਂ ਅਸਫਲ ਰਹੇ ਹਾਂ। ਅੱਜ ਉਨ੍ਹਾਂ ਉੱਤੇ ਲੋਕਰਾਜੀ ਢੰਗ ਨਾਲ ਕੋਈ ਵੀ ਰਾਜ ਨਹੀਂ ਕਰ ਰਿਹਾ। ਦੇਸ਼ ਦਾ ਇੱਕੋ ਅਜਿਹਾ ਹਿੱਸਾ ਹੈ, ਜਿੱਥੇ ਕਿਸੇ ਨੇ ਕੋਈ ਨਿਵੇਸ਼ ਨਹੀਂ ਕੀਤਾ। ਕਸ਼ਮੀਰੀ ਪੰਡਿਤ ਵਾਪਸ ਨਹੀਂ ਆਏ। ਹਿੰਸਾ ਜਾਰੀ ਹੈ। 2011 ਤੋਂ 2015 ਦੇ ਹਰ ਸਾਲ ਦੇ ਮੁਕਾਬਲੇ ਇਸ ਸਾਲ ਵਧੇਰੇ ਕਤਲ ਵੇਖੇ ਗਏ ਹਨ। ਇਸ ਦਾ ਕੋਈ ਸੰਕੇਤ ਨਹੀਂ ਕਿ ਇਹ ਕਦੋਂ ਰੁਕਣਗੇ। ਸਾਡੀ ਉਥੇ ਦਿਲਚਸਪੀ ਖਤਮ ਹੋ ਗਈ ਹੈ ਅਤੇ ਅਸੀਂ ਇੱਕ ਦੇਸ਼ ਵਜੋਂ ਅੱਗੇ ਵਧ ਗਏ ਹਾਂ।

ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਸ੍ਰੀਨਗਰ ਦਾ ਮੇਨ ਚੌਰਾਹਾ ਜੁੰਮੇ ਦੀ ਨੁਮਾਜ਼ ਲਈ ਬੰਦ ਕਰ ਦਿੱਤਾ ਜਾਂਦਾ ਹੈ। ਸਰਕਾਰ ਨੂੰ ਚਿੰਤਾ ਹੈ ਕਿ ਜੇ ਇਸ ਦੀ ਇਜਾਜ਼ਤ ਦੇ ਦਿੱਤੀ ਗਈ ਤਾਂ ਲੋਕ ਕੀ ਮਹਿਸੂਸ ਕਰਨਗੇ ਕਿ ਕੀ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦਿੱਤੀ ਜਾ ਰਹੀ ਹੈ। 2022 ਵਿੱਚ ਸਾਨੂੰ ਇਸ ਦੇ ਜਾਰੀ ਰਹਿਣ ਦੀ ਆਸ ਕਰਨੀ ਚਾਹੀਦੀ ਹੈ ਕਿਉਂਕਿ ਅਜੇ ਜਿਵੇਂ ਦਿਖਾਈ ਦੇ ਰਿਹਾ ਹੈ, ਭਾਰਤ ਦੀ ਕਸ਼ਮੀਰ ਲਈ ਕੋਈ ਯੋਜਨਾ ਨਹੀਂ।

ਜੇ ਤਾਜ਼ਾ ਖ਼ਬਰਾਂ ਉੱਤੇ ਭਰੋਸਾ ਕਰੀਏ ਤਾਂ ਲੱਦਾਖ ਦੀ ਸਰਹੱਦ ਉੱਤੇ ਸ਼ਾਇਦ ਟੈਨਸ਼ਨ ਦੀ ਕਮੀ ਨਜ਼ਰ ਆਵੇਗੀ। ਫੌਜਾਂ ਦਾ ਪਿੱਛੇ ਹਟਣਾ ਸ਼ੁੱਧ ਰੂਪ ਨਾਲ ਚੀਨ ਦੀਆਂ ਸ਼ਰਤਾਂ ਉੱਤੇ ਹੋਵੇਗਾ ਕਿਉਂਕਿ ਅਸੀਂ ਇਹ ਪ੍ਰਵਾਨ ਨਹੀਂ ਕੀਤਾ ਕਿ ਉਥੋਂ ਕੋਈ ਘੁਸਪੈਠ ਹੋਈ ਹੈ ਅਤੇ ਫਰਵਰੀ 2020 ਦੀ ਜਿਉਂ ਦੀ ਤਿਉਂ ਵਾਲੀ ਸਥਿਤੀ ਉੱਤੇ ਵਾਪਸ ਆਉਣ ਦਾ ਕੋਈ ਦਬਾਅ ਨਹੀਂ ਹੈ। ਉਹ ਬਹੁਤ ਔਖਾ ਇਲਾਕਾ ਹੈ ਅਤੇ ਦੋਵੇਂ ਧਿਰਾਂ ਜੋ ਉਥੇ ਹਜ਼ਾਰਾਂ ਦੀ ਗਿਣਤੀ ਵਿੱਚ ਓਥੇ ਹਨ, ਪੇਸ਼ਾਨੀ ਵਿੱਚ ਹਨ। ਇਸ ਨੂੰ ਵੇਖ ਕੇ ਅਤੇ ਇਹ ਤੱਥ ਕਿ ਚੀਨ ਨੂੰ ਸਪੱਸ਼ਟ ਤੌਰ ਉੱਤੇ ਉਹ ਮਿਲ ਗਿਆ ਹੈ, ਜੋ ਉਹ ਚਾਹੁੰਦਾ ਸੀ, ਜੋ 1959 ਦੀ ਦਾਅਵੇ ਵਾਲੀ ਰੇਖਾ ਤੱਕ ਪਹੁੰਚ ਹੈ, ਸਾਨੂੰ ਉਨ੍ਹਾਂ ਦੀਆਂ ਸ਼ਰਤਾਂ ਉੱਤੇ ਖਿਚਾਅ ਵਿੱਚ ਕੁਝ ਕਮੀ ਵਿਖਾਈ ਦੇਣੀ ਚਾਹੀਦੀ ਹੈ। ਰਾਸ਼ਟਰੀ ਸੁਰੱਖਿਆ ਉੱਤੇ ਲਿਖਣ ਵਾਲੇ ਲੋਕਾਂ ਦਾ ਇੱਕ ਛੋਟਾ ਗਰੁੱਪ ਇਸ ਨੂੰ ਇੱਕ ਜੱਟ ਕਹੇਗਾ ਪਰ ਕਿਉਂਕਿ ਸਰਕਾਰ ਦਾ ਕਥਾਨਕ ਉੱਤੇ ਲੱਗਭਗ ਪੂਰੀ ਤਰ੍ਹਾਂ ਕੰਟਰੋਲ ਹੈ, ਇਸ ਲਈ ਇਹ ਕੋਈ ਮੁੱਦਾ ਨਹੀਂ ਹੋਵੇਗਾ। ਚੀਨ ਵਿਰੁੱਧ ਅਮਰੀਕਾ, ਆਸਟਰੇਲੀਆ ਅਤੇ ਜਾਪਾਨ ਨਾਲ ਸਾਡਾ ਗੱਠਜੋੜ ਲੱਗਭਗ ਖ਼ਤਮ ਹੋ ਗਿਆ ਹੈ। ਅਮਰੀਕਾ ਨੇ ਚੀਨ ਵਿਰੁੱਧ ਸੁਰੱਖਿਆ ਲਈ ਆਸਟਰੇਲੀਆ ਅਤੇ ਬਰਤਾਨੀਆ ਨਾਲ ਗੱਠਜੋੜ ਕਰ ਲਿਆ ਹੈ।

ਅਰਥ ਵਿਵਸਥਾ ਦੇ ਮਾਮਲੇ ਵਿੱਚ ਨਰਿੰਦਰ ਮੋਦੀ ਸਰਕਾਰ ਉੱਤੇ ਕਾਰਗੁਜ਼ਾਰੀ ਦਿਖਾਉਣ ਦਾ ਕੋਈ ਦਬਾਅ ਨਹੀਂ ਹੈ। ਅਸੀਂ ਇਹ ਇਸ ਲਈ ਕਹਿ ਸਕਦੇ ਹਾਂ ਕਿ ਜਨਵਰੀ 2018 ਤੋਂ ਜੀ ਡੀ ਪੀ ਵਿੱਚ ਗਿਰਾਵਟ ਦੇਖੀ ਜਾ ਰਹੀ ਹੈ ਅਤੇ ਇਹ ਮਹਾਮਾਰੀ ਤੇ ਪਹਿਲੇ ਲਾਕਡਾਊਨ ਤੋਂ ਪਹਿਲਾਂ ਦੋ ਸਾਲ, ਤਿੰਨ ਮਹੀਨੇ ਤੋਂ ਜਾਰੀ ਹੈ। ਇਸ ਲਈ ਸਾਡੇ ਸਾਹਮਣੇ ਜੋ ਸੰਕਟ ਹੈ, ਉਹ ਮਹਾਮਾਰੀ ਨਾਲ ਸਬੰਧਤ ਨਹੀਂ। ਅਗਲੇ ਸਾਲ ਸਾਡੀ ਜੀ ਡੀ ਪੀ ਦੀ ਆਊਟਪੁੱਟ ਉਸ ਆਕਾਰ ਦੀ ਹੋਵੇਗੀ, ਜੋ ਮਹਾਮਾਰੀ ਤੋਂ ਪਹਿਲਾਂ ਦੀ ਸੀ, ਪਰ ਮਹਾਮਾਰੀ ਤੋਂ ਪਹਿਲਾਂ ਅਸੀਂ ਕਾਫ਼ੀ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਸੀ। ਇਹ ਜਾਰੀ ਰਹੇਗਾ। ਇਸ ਦੇ ਦੋ ਮੁੱਖ ਕਾਰਨ ਅਰਥਸ਼ਾਸਤਰੀਆਂ ਨੂੰ ਉਲਝਣ ਵਿੱਚ ਪਾਈ ਰੱਖਣਗੇ। ਪਹਿਲਾਂ ਇਹ ਤੱਥ ਹੈ ਕਿ ਭਾਰਤ ਦੀ ਕਿਰਤ ਭਾਈਵਾਲੀ ਦੀ ਦਰ ਦੁਨੀਆ ਵਿੱਚ ਸਭ ਤੋਂ ਘੱਟ ਹੈ। ਭਾਵ ਉਹ ਕਿਉਂਕਿ ਜੋ ਕੰਮ ਕਰ ਰਹੇ ਹਨ ਜਾਂ ਕੰਮ ਦੀ ਭਾਲ ਵਿੱਚ ਹਨ। ਦੂਜਾ ਇਹ ਕਿ ਨਿੱਜੀ ਖਪਤਕਾਰ ਜੋ ਅੱਜ ਤੱਕ ਜੀ ਡੀ ਪੀ ਦਾ ਸਭ ਤੋਂ ਵੱਡਾ ਹਿੱਸਾ ਹਨ, ਮਹਾਮਾਰੀ ਤੋਂ ਪਹਿਲੇ ਪੱਧਰ ਉੱਤੇ ਹਨ। ਉਨ੍ਹਾਂ ਦੇ ਮੁੜ ਉਪਰ ਚੁੱਕਣ ਦੇ ਕੋਈ ਸੰਕੇਤ ਨਜ਼ਰ ਨਹੀਂ ਆ ਰਹੇ।

ਸਿਆਸੀ ਪੱਖੋਂ ਅਸੀਂ ਬਹੁਤ ਸਰਗਰਮੀਆਂ ਵੇਖੀਆਂ ਹਨ। ਜਿਨ੍ਹਾਂ ਰਾਜਾਂ ਵਿੱਚ ਨਵੀਆਂ ਵਿਧਾਨ ਸਭਾਵਾਂ ਦਾ ਗਠਨ ਹੋਣਾ ਹੈ, ਉਨ੍ਹਾਂ ਵਿੱਚ ਗੁਜਰਾਤ ਵਿੱਚ ਇੱਕ ਚੌਥਾਈ ਸ਼ਤਾਬਦੀ ਤੋਂ ਸਥਾਈ ਬਹੁਮਤ ਵਿੱਚ ਹੈ। ਉਤਰ ਪ੍ਰਦੇਸ਼ ਵਿੱਚ ਉਸ ਦੀ ਵੋਟਾਂ ਵਿੱਚ ਭਾਈਵਾਲੀ 40 ਫੀਸਦੀ ਤੋਂ ਵੱਧ ਹੈ। ਇਸਦਾ ਅਰਥ ਇਹ ਹੈ ਕਿ ਪਾਰਟੀ ਸੂਬੇ ਵਿੱਚ ਮੁੜ ਤੋਂ ਸੱਤਾਧਾਰੀ ਹੋਵੇਗੀ। ਉਤਰ ਪ੍ਰਦੇਸ਼ ਤੋਂ ਬਾਅਦ 2022 ਵਿੱਚ ਰਾਸ਼ਟਰਪਤੀ ਦੀ ਚੋਣ ਵੀ ਹੋਣੀ ਹੈ।

ਇਸ ਤੋਂ ਇਲਾਵਾ ਹੋਰ ਕੀ? ਸੈਂਟਰਲ ਵਿਸਟਾ ਦਾ ਉਦਘਾਟਨ ਹੋਵ-ੇਗਾ ਜਾਂ ਘੱਟੋ-ਘੱਟ ਇਸ ਦੇ ਕੁਝ ਹਿੱਸੇ ਦਾ ਅਤੇ ਅਯੁੱਧਿਆ 'ਚ ਮੰਦਿਰ ਦਾ ਲੋੜੀਂਦਾ ਕੰਮ ਕਰ ਲਿਆ ਜਾਵੇਗਾ। ਜਿਵੇਂ ਕਿ ਅਸੀਂ ਕਾਸ਼ੀ ਵਿੱਚ ਵੇਖਿਆ, ਇਥੇ ਉਸ ਤੋਂ ਵੀ ਵੱਧ ਤੜਕ-ਭੜਕ ਦਿਖਾਈ ਦੇਵੇਗੀ, ਖਾਸ ਕਰ ਕੇ ਉਨ੍ਹਾਂ ਲੋਕਾਂ ਲਈ ਜੋ ਇਨ੍ਹਾਂ ਚੀਜ਼ਾਂ ਨੂੰ ਪਸੰਦ ਕਰਦੇ ਹਨ।

ਭਾਰਤ ਵਿੱਚ ਲੰਮੇ ਸਮੇਂ ਦੇ ਪ੍ਰਦਰਸ਼ਨ ਲਈ ਬਹੁਤ ਘੱਟ ਜਾਂ ਕੋਈ ਵੀ ਪ੍ਰਦਰਸ਼ਨਕਾਰੀ ਨਹੀਂ ਹੈ, ਜਿਹੜਾ 2020 ਦੇ ਸ਼ੁਰੂ ਹੋਣ ਪਿੱਛੋਂ ਪਹਿਲੀ ਵਾਰ ਹੋਇਆ ਹੈ। ਉਤਰੀ-ਪੂਰਬੀ ਖੇਤਰ ਵਿੱਚ ਅਫਸਪਾ ਵਿਰੁੱਧ ਅੰਦੋਲਨ ਚੱਲ ਰਿਹਾ ਹੈ। ਕੇਂਦਰ ਨੂੰ ਇਹ ਗੱਲ ਯਕੀਨੀ ਕਰਨੀ ਹੋਵੇਗੀ ਕਿ ਇਹ ਦੇਸ਼ ਦੇ ਇੱਕ ਹਿੱਸੇ ਦੀ ਸਮੱਸਿਆ ਵਿੱਚ ਬਦਲ ਜਾਵੇ। ਅੱਜ ਤੱਕ ਉਹ ਸ਼ਾਂਤ ਰਿਹਾ ਹੈ। ਨਾਗਾਲੈਂਡ ਦੀ ਵਿਧਾਨ ਸਭਾ ਨੇ ਆਪਣੇ ਸੂਬੇ ਵਿੱਚ ਇਸ ਕਾਨੂੰਨ ਦੇ ਜਾਰੀ ਰਹਿਣ ਵਿਰੁੱਧ ਇੱਕ ਸਰਬ ਸੰਮਤੀ ਦਾ ਮਤਾ ਪਾਸ ਕੀਤਾ ਹੈ। ਭਾਜਪਾ ਦੇ ਸਭ ਮੈਂਬਰਾਂ ਨੇ ਇਸ ਦੀ ਹਮਾਇਤ ਕੀਤੀ ਹੈ। ਜੇ ਇਸ ਰਾਏ ਦੇ ਬਾਵਜੂਦ ਦਿੱਲੀ ਇਸ ਨੂੰ ਠੋਸਣ ਦਾ ਬਦਲ ਚੁਣਦੀ ਹੈ ਤਾਂ ਉਤਰ-ਪੂਰਬ ਵਿੱਚ ਲੋਕਰਾਜ ਵਿਰੁੱਧ ਇਹ ਇੱਕ ਤਿੱਖੀ ਟਿੱਪਣੀ ਹੋਵੇਗੀ। ਅਸੀਂ ਇਹ ਦੇਖਾਂਗੇ।

ਮਹਾਮਾਰੀ ਜਾਰੀ ਰਹੇਗੀ, ਪਰ ਅਸੀਂ ਆਸ ਕਰ ਸਕਦੇ ਹਾਂ ਕਿ ਇਹ ਉਸ ਤਰ੍ਹਾਂ ਦਾ ਨੁਕਸਾਨ ਨਹੀਂ ਕਰੇਗੀ, ਜਿਸ ਤਰ੍ਹਾਂ ਦਾ ਇਸ ਨੇ 2020 ਜਾਂ 2021 ਵਿੱਚ ਕੀਤਾ ਸੀ। ਸ਼ਾਇਦ ਬਹੁਤ ਸਾਰੇ ਲੋਕ ਇਸ ਉੱਤੇ ਧਿਆਨ ਨਹੀਂ ਦੇ ਰਹੇ ਪਰ ਬੱਚਿਆਂ ਦੀ ਇੱਕ ਪੀੜ੍ਹੀ ਦੀਆਂ ਸਿੱਖਿਆ ਤੱਕ ਪਹੁੰਚ ਦੀ ਕਮੀ ਕਾਰਨ ਭਾਰਤ ਨੂੰ ਲੰਮੇ ਸਮੇਂ ਤੱਕ ਨੁਕਸਾਨ ਉਠਾਉਣਾ ਪਵੇਗਾ। ਬਹੁਤ ਸਾਰੇ ਲੋਕਾਂ ਕੋਲ ਘਰ ਤੋਂ ਪੜ੍ਹਨ ਦੀ ਸਮਰੱਥਾ ਨਹੀਂ। ਅਜਿਹਾ ਕਰਨ ਲਈ ਜੰਤਰ ਵੀ ਨਹੀਂ। ਵਧੇਰੇ ਕੋਲ ਤਾਂ ਨਹੀਂ ਹਨ, ਜਿਸ ਕਾਰਨ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਹੋਵੇਗਾ। ਇਹ ਮਹਾਮਾਰੀ ਦਾ ਇੱਕ ਹਿੱਸਾ ਹੈ, ਜਿਸ ਨਾਲ ਅਸੀਂ ਭਵਿੱਖ ਵਿੱਚ ਰਹਿਣਾ ਹੈ।

ਪਿਛਲੇ ਚਾਰ ਸਾਲ ਵਧੇਰੇ ਮੋਰਚਿਆਂ ਉੱਤੇ ਭਾਰਤ ਲਈ ਔਖੇ ਰਹੇ ਹਨ। ਪ੍ਰਾਰਥਨਾ ਇਹ ਹੈ ਕਿ 2022, ਜੇਕਰ ਸਾਡੇ ਲਈ ਖੁਸ਼ਗਵਾਰ ਸਮਾਂ ਨਹੀਂ ਲਿਆਉਂਦਾ ਤਾਂ ਘੱਟੋ-ਘੱਟ ਸਾਡੇ ਦੁੱਖ-ਦਰਦ 'ਚ ਕੁਝ ਰਾਹਤ ਜ਼ਰੂਰ ਲਿਆਵੇ।









## ਇਮਰਾਨ ਖਾਨ ਦੀ ਪਾਰਟੀ ਵਿੱਚ ਅੰਦਰੂਨੀ ਕਲੇਸ਼ ਪਿਆ

ਇਸਲਾਮਾਬਾਦ, 30 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਵਿੱਚ ਚੱਲ ਰਹੇ ਅੰਦਰੂਨੀ ਕਲੇਸ਼ ਕਾਰਨ ਖੈਬਰ ਪਖਤੂਨਖਵਾ ਦੇ ਉਚ ਸਿੱਖਿਆ ਮੰਤਰੀ ਕਾਮਰਾਨ ਬੰਗਸ਼ ਨੇ ਪਿਸ਼ਾਵਰ ਦੇ ਮੇਅਰ ਦੀ ਟਿਕਟ ਇੱਕ ਵਪਾਰੀ ਨੂੰ ਵੇਚਣ ਦੇ ਦੋਸ਼ ਵਿੱਚ ਆਪਣੀ ਪਾਰਟੀ ਦੇ ਨੇਤਾ ਅਰਬਬ ਮੁਹੰਮਦ ਅਲੀ ਨੂੰ ਕਾਨੂੰਨੀ ਨੋਟਿਸ ਭੇਜ ਦਿੱਤਾ ਹੈ, ਜਿਸ ਨਾਲ ਪਾਰਟੀ ਸੰਕਟ ਹੋਰ ਡੂੰਘਾ ਹੋ ਗਿਆ ਹੈ।

ਵਰਨਣ ਯੋਗ ਹੈ ਕਿ ਪਿਸ਼ਾਵਰ ਦੇ ਮੇਅਰ ਦੀ ਟਿਕਟ ਇੱਕ ਵਪਾਰੀ ਨੂੰ ਵੇਚਣ ਅਤੇ ਕੁੱਲ ਰਕਮ ਵਿੱਚੋਂ ਦੋ ਕਰੋੜ ਰੁਪਏ ਲੈਣ ਦੇ ਦੋਸ਼ ਵਿੱਚ ਉਚ ਸਿੱਖਿਆ ਮੰਤਰੀ ਨੇ ਮੰਗਲਵਾਰ ਨੂੰ ਮੁਹੰਮਦ ਅਲੀ ਨੂੰ ਇੱਕ ਕਾਨੂੰਨੀ ਨੋਟਿਸ ਭੇਜਿਆ ਸੀ। ਮੁਹੰਮਦ ਅਲੀ ਪਿਸ਼ਾਵਰ ਹਲਕੇ ਵਾਲੇ ਪੀ ਟੀ ਆਈ ਦੇ ਐਮ ਐਲ ਏ ਦੇ ਭਰਾ ਹਨ। ਉਨ੍ਹਾਂ ਨੇ ਪਿਸ਼ਾਵਰ ਤੋਂ ਮੇਅਰ ਸੀਟ ਲਈ ਪੀ ਟੀ ਆਈ ਟਿਕਟ ਲਈ ਅਰਜ਼ੀ ਦਿੱਤੀ ਸੀ, ਪਰ ਪਾਰਟੀ ਨੇ ਆਬੂ ਧਾਬੀ ਦੇ ਇੱਕ ਵਪਾਰੀ ਰਿਜ਼ਵਾਨ ਬੰਗਸ਼ ਨੂੰ ਟਿਕਟ ਦੇ ਦਿੱਤੀ। ਇਸ ਦੇ ਬਾਅਦ ਅਰਬਬ ਮੁਹੰਮਦ ਅਲੀ ਨੇ ਵੀਡੀਓ ਜਾਰੀ ਕਰ ਕੇ ਦੋਸ਼ ਲਾਇਆ ਕਿ ਗਵਰਨਰ ਸ਼ਾਹ ਫਰਮਾਨ ਅਤੇ ਉਚ ਸਿੱਖਿਆ ਮੰਤਰੀ ਕਾਮਰਾਨ ਬੰਗਸ਼ ਸਮੇਤ ਪੀ ਟੀ ਆਈ ਦੇ ਕੁਝ ਸੀਨੀਅਰ ਨੇਤਾਵਾਂ ਨੇ ਰਿਜ਼ਵਾਨ ਬੰਗਸ਼ ਨੂੰ ਪਾਰਟੀ ਦੀ ਟਿਕਟ ਸੱਤ ਕਰੋੜ ਰੁਪਏ ਵਿੱਚ ਵੇਚੀ ਹੈ।ਰਿਜ਼ਵਾਨ ਜ਼ਮੀਅਤ ਉਲੇਮਾ-ਏ-ਇਸਲਾਮ-ਫਜਲੁਰ ਰਹਿਮਾਨ (ਜੇ ਯੂ ਆਈ ਐਫ), ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐਮ ਐਲ-ਐਨ) ਅਤੇ ਕੌਮੀ ਵਤਨ ਪਾਰਟੀ (ਕਿਊ ਡਬਲਯੂ ਪੀ) ਦੇ ਸਾਂਝੇ ਉਮੀਦਵਾਰ ਤੋਂ ਮੇਅਰ ਦੀ ਚੋਣ ਹਾਰ ਗਏ ਸਨ। ਰਿਜ਼ਵਾਨ ਦੇ ਹਾਰਨ ਪਿੱਛੇ ਕਈ ਕਾਰਨ ਸਨ, ਪਰ ਉਨ੍ਹਾਂ ਵਿੱਚੋਂ ਪੀ ਟੀ ਆਈ ਅਗਵਾਈ ਦੀ ਇਕਜੁਟਤਾ ਨਾ ਹੋਣਾ ਇਸ ਦਾ ਇੱਕ ਮੁੱਖ ਕਾਰਨ ਸੀ।

## ਪੰਜਾਬ ਪੁਲਸ ਮਾੜੀ ਹੈ ਤਾਂ ਨਵਜੋਤ ਸਿੱਧੂ ਪੁਲਸ ਦੀ ਸੇਵਾ ਲੈਣੀ ਛੱਡ ਦੇਵੇ: ਰਾਘਵ ਚੱਢਾ



ਚੰਡੀਗੜ੍ਹ, 30 ਦਸੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਪੁਲਸ ਬਾਰੇ ਕੀਤੀ ਟਿੱਪਣੀ ਦੀ ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਕੋ-ਇੰਚਾਰਜ ਰਾਘਵ ਚੱਢਾ ਨੇ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਹਰ ਸਮੇਂ ਪੁਲਸ ਦੀ ਸੁਰੱਖਿਆ ਹੇਠ ਰਹਿਣ ਵਾਲੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਨਵਜੋਤ ਸਿੰਘ ਸਿੱਧੂ ਪੁਲਸ ਨੂੰ ਜ਼ਲੀਲ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੇ। ਜੇ ਸਿੱਧੂ ਪੰਜਾਬ ਪੁਲਸ ਦੀ ਇੱਜ਼ਤ ਨਹੀਂ ਕਰ ਸਕਦੇ ਤਾਂ ਉਹ ਸੁਰੱਖਿਆ ਲਈ ਪੰਜਾਬ ਪੁਲਸ ਦੀਆਂ ਸੇਵਾਵਾਂ ਲੈਣੀਆਂ ਛੱਡ ਦੇਣ।

ਰਾਘਵ ਚੱਢਾ ਨੇ ਕਿਹਾ ਕਿ ਪੰਜਾਬ ਪੁਲਸ ਦੇ ਮੁਲਾਜ਼ਮ ਸੂਬੇ ਵਿੱਚ ਅਮਨ ਅਤੇ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਲਈ ਤੈਨਾਤ ਹਨ। ਇਸ ਦੇ ਬਾਵਜੂਦ ਪੁਲਸ ਬਾਰੇ ਇਹੋ ਜਿਹੇ ਬਿਆਨਾਂ ਨਾਲ ਪੁਲਸ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦੇ ਹਿਰਦਿਆਂ ਉੱਤੇ ਸੱਟ ਵੱਜੀ ਹੈ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਦਖਲਕਰ ਕੇ ਸੂਬੇ ਵਿੱਚ ਮਾਫੀਆ ਰਾਜ ਖਤਮ ਨਹੀਂ ਹੋ ਰਿਹਾ। ਜੇ ਪੁਲਸ ਤੋਂ ਸਿਆਸੀ ਦਬਾਅ ਖਤਮ ਹੁੰਦਾ ਹੈ ਤਾਂ ਡਰੱਗ ਮਾਫੀਆ, ਟਰਾਂਸਪੋਰਟ ਮਾਫੀਆ ਅਤੇ ਕੇਬਲ ਮਾਫੀਆ ਨੂੰ ਚੁਟਕੀ ਵਿੱਚ ਨੱਥ ਪਾਈ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਬਣਨ ਉੱਤੇ ਪੁਲਸ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਦੇ ਭੱਤੇ, ਤਨਖਾਹ ਤੇ ਉਨ੍ਹਾਂ ਦੀ ਡਿਊਟੀ ਕਰਨ ਦਾ ਸਮਾਂ ਤੈਅ ਕਰਨ ਉੱਤੇ ਵੀ ਵਿਚਾਰ ਕੀਤਾ ਜਾਵੇਗਾ।

# ਗੁਰਦੁਆਰਾ ਕਰਤਾਰਪੁਰ ਪ੍ਰੋਜੈਕਟ ਵਿੱਚ 165 ਕਰੋੜ ਦਾ ਘਪਲਾ

ਲਾਹੌਰ, 30 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨੀ ਪੰਜਾਬਵਿਚਲੇ ਜ਼ਿਲ੍ਹਾ ਨਾਰੋਵਾਲ ਦੀ ਡਿਪਟੀ ਕਮਿਸ਼ਨਰ ਬੀਬੀ ਨਬੀਲਾ ਇਰਫਾਨ ਨੇ ਗੁਰਦੁਆਰਾ ਕਰਤਾਰਪੁਰ ਪ੍ਰੋਜੈਕਟ ਵਿੱਚ165 ਕਰੋੜ ਰੁਪਏ ਖ਼ੁਰਦ-ਬੁਰਦ ਕੀਤੇ ਜਾਣ ਦੇ ਸੰਬੰਧ ਵਿੱਚ ਫ਼ਰੰਟੀਅਰ ਵਰਕਸ ਆਰਗੇਨਾਈਜ਼ੇਸ਼ਨ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਕਮਾਲ ਅਜ਼ਫ਼ਰ ਨੂੰ ਇੱਕ ਪੱਤਰ ਲਿਖਿਆ ਹੈ। ਡਿਪਟੀ ਕਮਿਸ਼ਨਰਦਫ਼ਤਰ ਨਾਰੋਵਾਲ ਵੱਲੋਂ ਸ਼ਾਹਮੁਖੀ (ਉਰਦੂ) ਵਿੱਚ ਲਿਖੇ ਪੱਤਰ ਵਿੱਚ ਇਹ ਲਿਖਿਆ ਹੈ ਕਿ ਕਰਤਾਰਪੁਰ ਪ੍ਰੋਜੈਕਟ ਦਾ ਪੂਰਾ ਵੇਰਵਾ ਪਾਕਿਸਤਾਨ ਦੇ ਆਡੀਟਰ ਜਨਰਲ ਨੂੰ ਦਿੱਤਾ ਜਾਣਾ ਚਾਹੀਦਾ ਹੈ ਅਤੇ ਐਫ ਡਬਲਿਊ ਓ ਦੇ ਅਧਿਕਾਰੀਆਂ ਤੋਂ 165 ਕਰੋੜ ਰੁਪਏ ਦੀ ਰਾਸ਼ੀ ਦਾ ਹਿਸਾਬ ਮੰਗਿਆ ਜਾਣਾ ਚਾਹੀਦਾ ਹੈ।



ਬੀਬੀ ਨਬੀਲਾ ਇਰਫਾਨ ਨੇ ਜਨਰਲ ਅਜ਼ਫ਼ਰ ਨੂੰ ਕਿਹਾ ਹੈ ਕਿ ਉਨ੍ਹਾਂ ਦੇ ਫ਼ੌਜੀ ਅਧਿਕਾਰੀ ਇਸ ਭ੍ਰਿਸ਼ਟਾਚਾਰ ਨੂੰ ਲੁਕਾਉਣ ਲਈ ਆਡਿਟ ਰਿਪੋਰਟ ਨੂੰ ਸਟ੍ਰੇਟਜਿਕ ਦੱਸ ਰਹੇ ਹਨ, ਜੋ ਸ਼ਰਮਨਾਕ ਹੈ। ਉਨ੍ਹਾਂ ਲਿਖਿਆ ਹੈ ਕਿ ਕਰਤਾਰਪੁਰ ਪ੍ਰੋਜੈਕਟ ਵਿੱਚ ਹੋਏ ਘਪਲੇ ਦਾ ਕੇਸ ਉਨ੍ਹਾਂ ਸਾਹਮਣੇ ਆਉਣ ਉੱਤੇ ਉਨ੍ਹਾਂ ਉਸ ਜ਼ਿਲ੍ਹੇ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ (ਮਾਲ) ਡਾ. ਸ਼ੁਏਬ ਸਲੀਮ ਨੂੰ ਕਰਤਾਰਪੁਰ ਸਾਹਿਬ ਭੇਜਿਆ ਤੇ ਉਸ ਵੱਲੋਂ ਸੌਂਪੀ ਰਿਪੋਰਟ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੈਰਾਨ ਹੀ ਨਹੀਂ, ਸਗੋਂ ਸ਼ਰਮਸਾਰ ਵੀ ਕਰ ਦਿੱਤਾ ਹੈ। ਡਿਪਟੀ ਕਮਿਸ਼ਨਰ ਨਬੀਲਾ ਨੇ ਉਕਤ ਪੱਤਰ ਵਿੱਚ ਉਸਾਰੀ ਦੇ ਕੰਮ ਵਿੱਚ ਭਾਰੀ ਮਿਲਾਵਟ ਦੇ ਦੋਸ਼ ਲਾ ਕੇ ਕਿਹਾ ਕਿ ਹਲਕੀ ਜਿਹੀ ਹਨੇਰੀ ਆਉਣ ਉੱਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਗੁੰਬਦ ਡਿੱਗ ਗਏ ਸਨ, ਨੀਂਹਾਂ ਦੀ ਡੂੰਘਾਈ 18 ਫੁੱਟ ਦੀ ਥਾਂ 11.5 ਫੁੱਟ ਹੈ, 7 ਲੱਖ ਸੀਮੈਂਟ ਦੀਆਂ ਬੋਰੀਆਂ ਦੇ ਪੈਸੇ ਲੈ ਕੇ ਸੀਮੈਂਟ ਦੀਆਂ 4 ਲੱਖ 29 ਹਜ਼ਾਰ ਬੋਰੀਆਂ ਦੀ ਵਰਤੋਂ ਕੀਤੀ ਗਈ ਤੇ ਵਧੀਆ ਕੁਆਲਿਟੀ ਦੀਆਂ ਇੱਟਾਂ ਦਾ ਬਿੱਲ ਦੇ ਕੇ ਵੱਧ ਪੈਸੇ ਵਸੂਲਣ ਲਈ ਸ਼ਕਰਗੜ੍ਹ ਦੇ ਚੌਧਰੀ ਮੁਖਤਾਰ ਦੇ ਭੱਠੇ ਦੀਆਂ ਹਲਕੇ ਪੱਧਰ ਦੀਆਂ ਇੱਟਾਂ ਲਾਈਆਂ ਗਈਆਂ। ਇਸੇ ਤਰ੍ਹਾਂ ਐਫ ਡਬਲਿਊ ਓ ਨੇ ਬਿਨਾਂ ਟੈਂਡਰ ਦੇ ਬ੍ਰਿਗੇਡੀਅਰ ਆਰ ਯੂਸਫ਼ ਮਿਰਜ਼ਾ ਦੀ ਸਿਰਫ਼ ਤਿੰਨ ਦਿਨ ਪਹਿਲਾਂ ਬਣਾਈ ਗਲੋਬਲ ਨੋਬਲ ਕੰਪਨੀ ਨੂੰ ਰਾਵੀ ਦਰਿਆ ਉੱਤੇ ਬਣੇ ਨਵੇਂ ਪੁਲ ਦਾ ਠੇਕਾ ਦੇ ਦਿੱਤਾ। ਡਿਪਟੀ ਕਮਿਸ਼ਨਰ ਨੇ ਇਸ ਪੱਤਰ ਦੀਆਂ ਕਾਪੀਆਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸਬੰਧਤ ਮੰਤਰੀਆਂ, ਚੀਫ ਸੈਕਟਰੀ, ਚੇਅਰਮੈਨ, ਪਾਕਿਸਤਾਨ ਦੇ ਮੀਡੀਆ ਤੇ ਹੋਰਨਾਂ ਕਈ ਧਿਰਾਂ ਨੂੰ ਵੀ ਜਾਰੀ ਕੀਤੀਆਂ ਹਨ।

## ਭਾਰਤ ਦੇ ਰੱਖਿਆ ਮੰਤਰਾਲੇ ਵੱਲੋਂ 351 ਵਸਤਾਂ ਦੀ ਇੰਪੋਰਟ ਉਤੇ ਰੋਕ

ਨਵੀਂ ਦਿੱਲੀ, 30 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਰੱਖਿਆ ਮੰਤਰਾਲੇ ਨੇ ਕੱਲ੍ਹ 351 ਸਬ-ਸਿਸਟਮ ਅਤੇ ਕੰਪੋਨੈਂਟ ਦੀ ਨਵੀਂ ਸੂਚੀ ਦਾ ਐਲਾਨ ਕੀਤਾ, ਜਿਨ੍ਹਾਂ ਨੂੰ ਅਗਲੇ ਸਾਲ ਦਸੰਬਰ ਤੋਂ ਸ਼ੁਰੂ ਹੋਣ ਵਾਲੀ ਵੱਖ-ਵੱਖ ਸਮਾਂ ਸੀਮਾ ਤਹਿਤ ਇੰਪੋਰਟ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਹ ਬੀਤੇ 16 ਮਹੀਨਿਆਂ ਵਿੱਚ ਮੰਤਰਾਲੇ ਵੱਲੋਂ ਜਾਰੀ ਕੀਤੀ ਗਈ ਤੀਸਰੀ ਸੂਚੀ ਹੈ। ਇਹ ਕਦਮ ਭਾਰਤ ਨੂੰ ਫੌਜੀ ਪਲੇਟਫਾਰਮਾਂ ਤੇ ਜੰਤਰਾਂ ਕੇਂਦਰ ਬਣਾਉਣ ਦੇ ਸਰਕਾਰ ਦੇ ਸਮੁੱਚੇ ਉਦੇਸ਼ ਦੇ ਹਿੱਸੇ ਦੇ ਰੂਪ ਵਿੱਚ ਉਠਾਇਆ ਜਾ ਰਿਹਾ ਹੈ। ਮੰਤਰਾਲੇ ਨੇ 2500 ਵਸਤੂਆਂ ਦੀ ਸੂਚੀ ਜਾਰੀ ਕੀਤੀ, ਜਿਨ੍ਹਾਂ ਬਾਰੇ ਕਿਹਾ ਗਿਆ ਹੈ ਕਿ ਉਹ ਪਹਿਲਾਂ ਹੀ ਸਵਦੇਸ਼ੀ ਹੋ ਚੁੱਕੀਆਂ ਹਨ।




ਇਸ ਸੰਬੰਧ ਵਿੱਚ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਰੱਖਿਆ ਮੰਤਰਾਲੇ ਦੇ ਰੱਖਿਆ ਉਤਪਾਦਨ ਵਿਭਾਗ ਵੱਲੋਂ ਸਬ ਸਿਸਟਮ, ਕੋਆਰਡੀਨੇਟਰ, ਉਪ ਕੋਆਰਡੀਨੇਟਰ, ਪਾਰਟਸ ਦੀ ਇੱਕ ਸੂਚੀ ਰੱਖਿਆ ਉਤਪਾਦਨ ਵਿੱਚ ਆਤਮਨਿਰਭਰਤਾ ਪ੍ਰਾਪਤ ਕਰਨ ਅਤੇ ਜਨਤਕ ਖੇਤਰ ਦੇ ਰੱਖਿਆ ਅਦਾਰਿਆਂ ਵੱਲੋਂ ਦਰਾਮਦ ਨੂੰ ਘੱਟ ਕਰਨ ਦੀਆਂ ਕੋਸ਼ਿਸ਼ਾਂ ਹੇਠ ਨੋਟੀਫਾਈਡ ਕੀਤੀ ਗਈ ਹੈ। ਬਿਆਨ ਮੁਤਾਬਕ 351 ਇੰਪੋਰਟ ਸਮੱਗਰੀਆਂ ਨੂੰ ਅਗਲੇ ਤਿੰਨ ਸਾਲਾਂ ਵਿੱਚ ਸਵਦੇਸ਼ੀ ਬਣਾ ਲਿਆ ਜਾਵੇਗਾ। ਨਵੀਂ ਸੂਚੀ ਉੱਤੇ ਨੋਟੀਫਿਕੇਸ਼ਨ ਸੋਮਵਾਰ ਨੂੰ ਜਾਰੀ ਕੀਤਾ ਗਿਆ ਸੀ। ਮੰਤਰਾਲੇ ਨੇ ਕਿਹਾ ਕਿ ਸੂਚੀ ਵਿੱਚ ਜ਼ਿਕਰ ਕੀਤੀਆਂ ਵੱਖ-ਵੱਖ ਸਮੱਗਰੀਆਂ ਨੂੰ ਮਿਥੀ ਸਮਾਂ ਸੀਮਾ ਮੁਤਾਬਕ ਭਾਰਤੀ ਉਦਯੋਗਾਂ ਤੋਂ ਹੀ ਖਰੀਦਿਆ ਜਾ ਸਕੇਗਾ। ਨੋਟੀਫਿਕੇਸ਼ਨ ਮੁਤਾਬਕ 172 ਚੀਜ਼ਾਂ ਦੀ ਪਹਿਲੀ ਸੂਚੀ ਉੱਤੇਇੰਪੋਰਟ ਪਾਬੰਦੀਆਂ ਅਗਲੇ ਸਾਲ ਦਸੰਬਰ ਤਕ ਲਾਗੂ ਹੋ ਜਾਣਗੀਆਂ, ਜਦ ਕਿ ਇਹੀ ਤਜਵੀਜ਼ 90 ਹਿਸਿਆਂ ਦੀ ਦੂਜੀ ਸੂਚੀ ਉੱਤੇ ਦਸੰਬਰ 2023 ਤੋਂ ਲਾਗੂ ਹੋਏਗੀ। ਨੱਬੇ ਵਸਤਾਂ ਦੀ ਇੱਕ ਹੋਰ ਸੂਚੀ ਉੱਤੇਇੰਪੋਰਟ ਪਾਬੰਦੀਆਂ ਦਸੰਬਰ 2024 ਤੋਂ ਲਾਗੂ ਹੋਣਗੀਆਂ। ਇਨ੍ਹਾਂ ਵਸਤਾਂ ਵਿੱਚ ਲੇਜ਼ਰ ਚਿਤਾਵਨੀ ਸੈਂਸਰ, ਉਚ ਦਬਾਅ ਦੀ ਜਾਂਚ ਵਾਲੇ ਵਾਲਵ, ਉਚ ਦਬਾਅ ਗਲੋਬ ਵਾਲਵ, ਜਲ ਨਿਕਾਸੀ ਦਾ ਪਤਾ ਲਗਾਉਣ ਦੀਆਂ ਪ੍ਰਣਾਲੀਆਂ, ਵੱਖ-ਵੱਖ ਤਰ੍ਹਾਂ ਦੀਆਂ ਕੇਬਲਾਂ, ਸਾਕੇਟ ਅਤੇ ਵੋਲਟੇਜ ਕੰਟਰੋਲ ਆਕਸੀਲੇਟਰ ਸ਼ਾਮਲ ਹਨ।

## ਜਨਰਲ ਕੈਟੇਗਰੀ ਦੇ ਗਰੀਬਾਂ ਨੂੰ ਰਿਜ਼ਰਵੇਸ਼ਨ ਲਈ ਆਮਦਨ ਹੱਦ ਵੀ 8 ਲੱਖ ਹੀ ਰਹੇਗੀ

ਨਵੀਂ ਦਿੱਲੀ, 30 ਦਸੰਬਰ (ਪੋਸਟ ਬਿਊਰੋ)- ਭਾਰਤ ਵਿੱਚ ਜਨਰਲ ਕੈਟੇਗਰੀ ਦੇ ਆਰਥਿਕ ਰੂਪ ਤੋਂ ਪਿਛੜੇ ਲੋਕਾਂ ਵਾਲੇ ਵਰਗਾਂ (ਈ ਡਬਲਯੂ ਐਸ) ਨੂੰ ਦਿੱਤੇ ਗਏ 10 ਫੀਸਦੀ ਰਿਜ਼ਰਵੇਸ਼ਨ ਲਈ ਆਮਦਨ ਪੱਧਰ ਬਾਰ ਸੁਪਰੀਮ ਕੋਰਟ ਦੇ ਸਵਾਲਾਂ ਕਾਰਨ ਸਰਕਾਰ ਭਾਰੀ ਉਲਝਣ ਵਿੱਚ ਹੈ, ਪਰ ਉਹ ਅਜੇ ਤਕ ਇਸ ਦੇ ਪੱਧਰ ਵਿੱਚ ਕਿਸੇ ਵੀ ਤਰ੍ਹਾਂ ਦੇ ਬਦਲਾਅ ਦੇ ਹੱਕ ਵਿੱਚ ਨਹੀਂ ਅਤੇ ਇਸ ਸਮੇਂ ਈ ਡਬਲਯੂ ਰਿਜ਼ਰਵੇਸ਼ਨ ਲਈ ਅੱਠ ਲੱਖ ਰੁਪਏ ਸਾਲਾਨਾ ਆਮਦਨ ਅਤੇ ਬਾਕੀ ਦੇ ਜੋ ਵੀ ਮਾਪਦੰਡ ਹਨ, ਹਾਲੇ ਉਹੀ ਰਹਿਣਗੇ।

ਈ ਡਬਲਿਯੂ ਰਿਜ਼ਰਵੇਸ਼ਨ ਦੇ ਪੱਧਰ ਦਾ ਕੇਸ ਸੁਪਰੀਮ ਕੋਰਟ ਵਿੱਚ ਪੈਂਡਿੰਗ ਹੋਣ ਕਾਰਨ ਸਰਕਾਰ ਅਜੇ ਇਸ ਬਾਰੇ ਕੁਝ ਵੀ ਖੁੱਲ੍ਹ ਕੇ ਕਹਿਣ ਤੋਂ ਬਚ ਰਹੀ ਹੈ, ਪਰ ਜੋ ਸੰਕੇਤ ਦਿੱਤੇ ਗਏ ਹਨ, ਉਸ ਤੋਂ ਸਾਫ ਹੈ ਕਿ ਮੌਜੂਦਾ ਮਾਪਦੰਡਾਂ ਦੇ ਆਧਾਰ ਉੱਤੇ ਜਿਨ੍ਹਾਂ ਲੋਕਾਂ ਨੂੰ ਦਾਖਲਾ ਦਿੱਤਾ ਗਿਆ ਜਾਂ ਜਿਨ੍ਹਾਂ ਦੀ ਮੈਰਿਟ ਤਿਆਰ ਹੋਈ ਹੈ, ਉਨ੍ਹਾਂ ਵਿੱਚ ਬਦਲਾਅ ਦੀ ਸੰਭਾਵਨਾ ਨਹੀਂ ਹੈ। ਇਸ ਦੌਰਾਨ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਨੇ ਕੇਂਦਰ ਸਰਕਾਰ ਦੇ ਸਾਬਕਾ ਖਜ਼ਾਨਾਸੈਕਟਰ ਅਜੈ ਭੂਸ਼ਣ ਪਾਂਡੇ ਦੀ ਅਗਵਾਈ ਵਿੱਚ ਇਸ ਮੁੱਦੇ ਉੱਤੇਬਣਾਈ ਤਿੰਨ ਮੈਂਬਰੀ ਕਮੇਟੀ ਨੂੰ ਜਲਦੀ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਜਾਣਕਾਰ ਸੂਤਰਾਂ ਮੁਤਾਬਕ ਕਮੇਟੀ ਦੀ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਅਹਿਮ ਬੈਠਕ ਰੱਖੀ ਗਈ ਹੈ। ਇਸ ਵਿੱਚ ਸੁਪਰੀਮ ਕੋਰਟ ਨੂੰ ਇਸ ਮਸਲੇ ਉੱਤੇ ਦਿੱਤੀ ਜਾਣ ਵਾਲੀ ਰਿਪੋਰਟ ਨੂੰ ਅੰਤਿਮ ਰੂਪ ਦਿੱਤਾ ਜਾਏਗਾ। ਵੈਸੇ ਵੀ ਕਮੇਟੀ ਤੋਂ ਜਿਨ੍ਹਾਂ ਗੱਲਾਂ ਉੱਤੇ ਰਿਪੋਰਟ ਮੰਗੀ ਗਈ ਹੈ, ਉਨ੍ਹਾਂ ਵਿੱਚ ਈ ਡਬਲਿਯੂ ਨੂੰ ਦਿੱਤੇ ਗਏ 10 ਫੀਸਦੀ ਰਿਜ਼ਰਵੇਸ਼ਨ ਦੇ ਲਾਭਪਾਤਰੀਆਂ ਦਾ ਪੂਰਾ ਵੇਰਵਾ ਸ਼ਾਮਲ ਹੈ।

ਈ ਡਬਲਯੂ ਨੂੰ 10 ਫੀਸਦੀ ਰਿਜ਼ਰਵੇਸ਼ਨ ਦਿੰਦੇ ਸਮੇਂ ਸਰਕਾਰ ਨੇ ਜੋ ਮਾਪਦੰਡ ਤੈਅ ਕੀਤੇ ਗਏ ਹਨ, ਉਨ੍ਹਾਂ ਦੇ ਤਹਿਤ ਅਜਿਹੇ ਲੋਕ ਇਸ ਦੇ ਪਾਤਰ ਹੋਣਗੇ, ਜਿਨ੍ਹਾਂ ਦੀ ਸਾਲਾਨਾ ਆਮਦਨ ਅੱਠ ਲੱਖ ਰੁਪਏ ਜਾਂ ਇਸ ਤੋਂ ਘੱਟ ਹੋਵੇ, ਜਿਨ੍ਹਾਂ ਕੋਲ ਪੰਜ ਏਕੜ ਜਾਂ ਇਸ ਤੋਂ ਘੱਟ ਖੇਤੀ ਯੋਗ ਜ਼ਮੀਨ ਹੋਵੇ, ਜਿਨ੍ਹਾਂ ਕੋਲ ਇੱਕ ਹਜ਼ਾਰ ਵਰਗ ਫੁੱਟ ਜਾਂ ਉਸ ਤੋਂ ਘੱਟ ਦਾ ਫਲੈਟ ਹੋਵੇ ਜਾਂ ਫਿਰ ਜਿਨ੍ਹਾਂ ਲੋਕਾਂ ਕੋਲ ਪ੍ਰਵਾਨਤ ਇਲਾਕਾਈ ਖੇਤਰ ਵਿੱਚ 100 ਵਰਗ ਗਜ ਜਾਂ ਉਸ ਤੋਂ ਘੱਟ ਦਾ ਪਲਾਟ ਹੋਵੇ ਜਾਂ ਜਿਨ੍ਹਾਂ ਕੋਲ ਕਿਸੇ ਵੀ ਗੈਰ ਪ੍ਰਵਾਨਤ ਖੇਤਰ ਵਿੱਚ 200 ਵਰਗ ਗਜ ਤੋਂ ਘੱਟ ਦਾ ਪਲਾਟ ਹੋਵੇ।




## ਕਾਂਗਰਸ ਦੇ ਸੋਸ਼ਲ ਮੀਡੀਆ ਵ੍ਹਟਸਐਪ ਗਰੁੱਪ ਵਿੱਚ ਅਸ਼ਲੀਲ ਪੋਸਟ ਪਾਉਣ ਨਾਲ ਤਰਥੱਲੀ

ਭੋਗਪੁਰ, 30 ਦਸੰਬਰ (ਪੋਸਟ ਬਿਊਰੋ)- ਕਾਂਗਰਸ ਦੇ ਅਹੁਦੇਦਾਰਾਂ ਵੱਲੋਂ ਸੋਸ਼ਲ ਮੀਡੀਆ ਵ੍ਹਟਸਐਪ ਉੱਤੇ ਬਣਾਏ ਹੋਏ 'ਕਾਂਗਰਸ ਸੋਸ਼ਲ ਮੀਡੀਆ ਪੰਜਾਬ' ਨਾਮੀ ਗਰੁੱਪ ਵਿੱਚ ਇੱਕ ਕਾਂਗਰਸੀ ਕਿਸਾਨ ਆਗੂ ਵੱਲੋਂ ਅਚਾਨਕ ਅਸ਼ਲੀਲ ਪੋਸਟ ਪਾਏ ਜਾਣ ਤੋਂ ਬਾਅਦ ਇਸ ਗਰੁੱਪ ਵਿੱਚ ਤਰਥੱਲੀ ਮਚ ਗਈ ਹੈ।ਸੀਨੀਅਰ ਕਾਂਗਰਸੀ ਆਗੂ ਵੱਲੋਂ ਜਦੋਂ ਇਸ ਅਸ਼ਲੀਲ ਵੀਡੀਓ ਨੂੰ ਇਸ ਗਰੁੱਪ ਵਿੱਚ ਪੋਸਟ ਕੀਤਾ ਗਿਆ ਤਾਂ ਕੁਝ ਮੈਂਬਰਾਂ ਵੱਲੋਂ ਇਸ ਦਾ ਵਿਰੋਧ ਵੀ ਕੀਤਾ,ਪਰ ਵਾਰ-ਵਾਰ ਇਸ ਅਸ਼ਲੀਲ ਵੀਡੀਓ ਨੂੰ ਪੋਸਟ ਕੀਤਾ ਜਾਂਦਾ ਰਿਹਾ ਹੈ।

ਵਰਨਣ ਯੋਗ ਹੈ ਕਿ ਕਾਂਗਰਸ ਦੇ ਇਸ ਸੋਸ਼ਲ ਮੀਡੀਆ ਗਰੁੱਪ ਵਿੱਚ ਕੁਝ ਔਰਤਾਂ ਵੀ ਹਨ, ਪਰ ਇੱਕ ਸੀਨੀਅਰ ਮੈਂਬਰ ਵੱਲੋਂ ਇਸ ਗਰੁੱਪ ਵਿੱਚ ਅਜਿਹੀਆਂ ਇਤਰਾਜ਼ਯੋਗ ਵੀਡੀਓ ਪੋਸਟ ਕੀਤੇ ਜਾਣ ਨਾਲ ਗਰੁੱਪ ਮੈਂਬਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਾਂਗਰਸ ਦੇ ਇੱਕ ਸੀਨੀਅਰ ਆਗੂ ਅਤੇ ਪਾਰਟੀ ਅਹੁਦੇਦਾਰ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ ਉੱਤੇ ਦੱਸਿਆ ਕਿ ਇਹ ਆਗੂ ਦੋਆਬਾ ਖੇਤਰ ਦੀ ਇੱਕ ਸਿਰਮੌਰ ਕਿਸਾਨ ਜੱਥੇਬੰਦੀ ਦੀ ਅਗਵਾਈ ਕਰਦਾ ਹੈ ਪਰ ਅਜਿਹੇ ਆਗੂ ਵੱਲੋਂ ਇਤਰਾਜ਼ਯੋਗ ਵੀਡੀਓ ਇਸ ਸੋਸ਼ਲ ਮੀਡੀਆ ਗਰੁੱਪ, ਜਿਸ ਵਿੱਚ ਪਾਰਟੀ ਦੀਆਂ ਕੁਝ ਔਰਤ ਆਗੂ ਵੀ ਸ਼ਾਮਲ ਹਨ, ਵਿੱਚ ਪੋਸਟ ਕਰਨਾ ਸ਼ਰਮਨਾਕ ਹੈ।

ਇਸ ਗਰੁੱਪ ਦੇ ਕੁਝ ਮੈਂਬਰਾਂ ਨੇ ਅਜਿਹੀਆਂ ਪੋਸਟਾਂ ਪਾਉਣ ਵਾਲੇ ਕਿਸਾਨ ਆਗੂ ਨੂੰ ਚਿਤਾਵਨੀ ਵੀ ਦਿੱਤੀ ਹੈ ਕਿ ਗਰੁੱਪ ਵਿੱਚ ਏਦਾਂ ਦੀਆਂ ਪੋਸਟਾਂ ਪਾਉਣ ਉੱਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਗਰੁੱਪ ਦੇ ਇੱਕ ਮੈਂਬਰ ਨੇ ਅਸ਼ਲੀਲ ਪੋਸਟ ਪਾਏ ਜਾਣ ਦੇ ਖ਼ਿਲਾਫ਼ ਲਿਖਿਆ ਕਿ ਗਰੁੱਪ ਵਿੱਚ ਸਾਰੇ ਪੜ੍ਹੇ-ਲਿਖੇ ਇਨਸਾਨ ਹਨ, ਇਹ ਸਮਝ ਨਹੀਂ ਆਇਆ ਕਿ ਇੱਕੋ ਪੋਸਟ ਵਾਰ-ਵਾਰ ਗਰੁੱਪ ਵਿੱਚ ਕਿਉਂ ਪਾਈ ਜਾ ਰਹੀ ਹੈ। ਕਿਸੇ ਨੇ ਗਰੁੱਪ ਹੈਕ ਕੀਤਾ ਹੈ ਜਾਂ ਕੋਈ ਕੋਈ ਹੋਰ ਗੱਲ ਹੈ, ਇਸ ਬਾਰੇ ਚਰਚਾ ਜ਼ੋਰਾਂ ਉੱਤੇ ਹੈ। ਇਸ ਗਰੁੱਪ ਦੇ ਐਡਮਿਨ ਮਨਦੀਪ ਸਿੰਘ ਮੰਨਾ ਮਝੈਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਇਸ ਗਰੁੱਪ ਵਿੱਚ ਇਹ ਪੋਸਟ ਇੱਕ ਸੀਨੀਅਰ ਕਾਂਗਰਸੀ ਆਗੂ ਦੇ ਨੰਬਰ ਤੋਂ ਪੋਸਟ ਹੋਈ ਸੀ। ਉਸ ਤੋਂ ਬਾਅਦ ਇੱਕ ਪੱਤਰਕਾਰ ਨੇ ਇਸੇ ਇਤਰਾਜ਼ਯੋਗ ਪੋਸਟ ਨੂੰ ਮੁੜ ਪੋਸਟ ਕੀਤਾ, ਜਿਸ ਨੂੰ ਗਰੁੱਪ ਤੋਂ ਰਿਮੂਵ ਕਰ ਦਿੱਤਾ ਗਿਆ। ਫਿਰ ਇੱਕ ਸਾਬਕਾ ਸਰਪੰਚ ਨੇ ਇਹ ਪੋਸਟ ਪਾਈ ਤਾਂ ਉਸ ਨੂੰ ਗਰੁੱਪ ਤੋਂ ਰਿਮੂਵ ਕਰ ਦਿੱਤਾ ਗਿਆ। ਇਸ ਪਿੱਛੋਂ ਕਿਸਾਨ ਆਗੂ ਨੇ ਇਹ ਇਤਰਾਜ਼ਯੋਗ ਪੋਸਟ ਗਰੁੱਪ ਵਿੱਚ ਪਾ ਦਿੱਤੀ ਅਤੇ ਇਤਰਾਜ਼ ਕੀਤੇ ਜਾਣ ਪਿੱਛੋਂ ਇਸ ਆਗੂ ਨੇ ਖ਼ੁਦ ਹੀ ਗਰੁੱਪ ਛੱਡ ਦਿੱਤਾ। ਇਹ ਅਸ਼ਲੀਲ ਫੋਟੋ ਸੀ, ਇਸ ਸਬੰਧੀ ਸ਼ਿਕਾਇਤ ਵੀ ਕਰ ਦਿੱਤੀ ਗਈ ਹੈ।




ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8




$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਉਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS-JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.


ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




# Matrimonial

## ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

WWW.KULWINDERCHHINA.COM
MULTI AWARD WINNER
REALTOR



KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢੰਡਾ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work - All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਲੜਕੀ ਦੀ ਲੋੜ

ਸੁਨਿਆਰਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਵਾਸਤੇ ਪੰਜਾਬੀ ਲੜਕੀ ਦੀ ਲੋੜ ਹੈ ਲੜਕੇ ਦੀ ਉਮਰ 36 ਸਾਲ, ਕੱਦ 5' 11", MSc Computer Science, ਕੈਨੇਡੀਅਨ ਪੀ. ਆਰ. Web Developer ਦੀ ਚੰਗੀ ਜੋਬ ਕਰ ਰਿਹਾ ਹੈ। ਸੰਪਰਕ ਕਰੋ: ਮਨੋਹਰ ਸਿੰਘ ਵਿਰਦੀ 416-671-1214

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host
Iqbal Mahal
Producer & Host
Serving the South Asian Community Since 1976

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500
ਬਲਵਿੰਦਰ

